Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 4 : # ਅੰਕ 72 | 22/07/2025 | www.samajweekly.com | samajweekly | @samajweekly | samajweekly

# ਏਅਰ ਫੋਰਸ ਦਾ ਸਿਖਲਾਈ ਜਹਾਜ਼ ਸਕੂਲ ਦੀ ਇਮਾਰਤ ਨਾਲ ਟਕਰਾਇਆ; 20 ਮੌਤਾਂ, ਦਰਜਨਾਂ ਜ਼ਖਮੀ



**ਢਾਕਾ।** ਬੰਗਲਾਦੇਸ਼ ਏਅਰ ਫੋਰਸ ਦਾ ਇੱਕ ਸਿਖਲਾਈ ਜਹਾਜ਼ ਸੋਮਵਾਰ ਨੂੰ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਢਾਕਾ ਵਿੱਚ ਇੱਕ ਸਕੂਲ ਦੀ ਇਮਾਰਤ ਨਾਲ ਟਕਰਾ ਗਿਆ, ਜਿਸ ਕਾਰਨ ਘੱਟੋ-ਘੱਟ 20 ਵਿਅਕਤੀਆਂ (ਜ਼ਿਆਦਾਤਰ ਬੱਚੇ) ਦੀ ਮੌਤ ਹੋ ਗਈ ਅਤੇ ਦਰਜਨਾਂ ਜ਼ਖਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਚੀਨੀ ਬਣਤਰ ਦਾ F-7 BGI ਸਿਖਲਾਈ ਜਹਾਜ਼ ਢਾਕਾ ਦੇ ਉੱਤਰਾ ਖੇਤਰ ਵਿੱਚ ਮਾਈਲਸਟੋਨ ਸਕੂਲ ਅਤੇ ਕਾਲਜ ਕੈਂਪਸ ਵਿੱਚ ਡਿੱਗ ਗਿਆ।

ਫਾਇਰ ਸਰਵਿਸ ਅਤੇ ਸਿਵਲ ਡਿਫੈਂਸ ਦੇ ਡਾਇਰੈਕਟਰ ਜਨਰਲ ਬ੍ਰਿਗੇਡੀਅਰ ਜਨਰਲ ਜ਼ਾਹੇਦ ਕਮਲ ਨੇ ਪੱਤਰਕਾਰਾਂ ਨੂੰ ਦੱਸਿਆ, ''ਕਰੈਸ਼ ਅਤੇ ਉਸ ਤੋਂ ਬਾਅਦ ਲੱਗੀ ਅੱਗ ਵਿੱਚ 20 ਲੋਕ ਮਾਰੇ ਗਏ। ਘੱਟੋ-ਘੱਟ 50 ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋਏ।'' ਉਨ੍ਹਾਂ ਕਿਹਾ ਕਿ ਬਚਾਅ ਕਰਮਚਾਰੀਆਂ ਨੇ ਇਕੱਲੇ ਸਕੂਲ ਕੰਪਾਊਂਡ ਵਿੱਚੋਂ 19 ਲਾਸ਼ਾਂ ਬਰਾਮਦ ਕੀਤੀਆਂ ਹਨ ਜਦੋਂ ਕਿ ਬਚਾਅ ਕਾਰਜ ਹਾਲੇ ਵੀ ਜਾਰੀ ਹੈ। ਇਸ ਤੋਂ ਪਹਿਲਾਂ ਸਿਹਤ ਮੰਤਰਾਲੇ ਦੇ ਵਿਸ਼ੇਸ਼ ਸਹਾਇਕ ਮੁਹੰਮਦ ਸਈਦੁਰ ਰਹਿਮਾਨ ਨੇ ਦੱਸਿਆ ਕਿ ਮਾਈਲਸਟੋਨ ਸਕੂਲ ਅਤੇ ਕਾਲਜ ਕੈਂਪਸ ਵਿੱਚ ਜਹਾਜ਼ ਦੇ ਕਰੈਸ਼ ਹੋਣ ਤੋਂ ਬਾਅਦ ਘੱਟੋ-ਘੱਟ 16 ਲੋਕਾਂ ਦੀ ਮੌਤ ਹੋ ਗਈ। ਰਹਿਮਾਨ ਨੇ ਕਿਹਾ ਕਿ 72 ਲੋਕਾਂ ਨੂੰ ਸੜਨ ਅਤੇ ਹੋਰ ਕਿਸਮ ਦੀਆਂ ਸੱਟਾਂ ਨਾਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਖਮੀਆਂ, ਜਿਨ੍ਹਾਂ ਵਿਚੋਂ ਜ਼ਿਆਦਾਤਰ ਵਿਦਿਆਰਥੀ ਹਨ, ਦਾ ਕੰਬਾਈਂਡ ਮਿਲਟਰੀ ਹਸਪਤਾਲ (CMH), ਢਾਕਾ ਮੈਡੀਕਲ ਕਾਲਜ ਹਸਪਤਾਲ ਅਤੇ ਨੈਸ਼ਨਲ ਇੰਸਟੀਚਿਊਟ ਆਫ ਬਰਨ ਐਂਡ ਪਲਾਸਟਿਕ ਸਰਜਰੀ (NIBPS) ਵਿੱਚ ਇਲਾਜ ਚੱਲ ਰਿਹਾ ਹੈ। ਡਾਕਟਰਾਂ ਅਨੁਸਾਰ ਜ਼ਖਮੀਆਂ ਵਿੱਚੋਂ ਅੱਠ ਦੀ ਹਾਲਤ ਨਾਜ਼ੁਕ ਹੈ। NIBPS ਦੇ ਇੱਕ ਡਾਕਟਰ ਨੇ ਪੱਤਰਕਾਰਾਂ ਨੂੰ ਦੱਸਿਆ, "ਇਸ ਹਸਪਤਾਲ ਵਿੱਚ ਲਿਆਂਦੇ ਜਾ ਰਹੇ ਜ਼ਖਮੀਆਂ ਦੀ ਗਿਣਤੀ ਵਧ ਰਹੀ ਹੈ।" ਰਹਿਮਾਨ ਨੇ ਦੱਸਿਆ ਕਿ ਜਹਾਜ਼ ਦੇ ਪਾਇਲਟ ਫਲਾਈਟ ਲੈਫਟੀਨੈਂਟ ਮੁਹੰਮਦ ਤੌਕੀਰ ਇਸਲਾਮ ਦਾ ਕੰਬਾਈਂਡ ਮਿਲਟਰੀ ਹਸਪਤਾਲ ਦੀ ਇੰਟੈਂਸਿਵ ਕੇਅਰ ਯੂਨਿਟ ਵਿੱਚ ਇਲਾਜ ਚੱਲ ਰਿਹਾ ਹੈ। ਰੱਖਿਆ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ F-7 BGI ਸਿਖਲਾਈ ਜਹਾਜ਼ ਨੇ ਦੁਪਹਿਰ 1:06 ਵਜੇ ਉਡਾਣ ਭਰੀ ਅਤੇ ਉਸ ਤੋਂ ਥੋੜ੍ਹੀ ਦੇਰ ਬਾਅਦ ਕਾਲਜ ਕੈਂਪਸ ਵਿੱਚ ਡਿੱਗ ਗਿਆ। ਫਾਇਰ ਸਰਵਿਸ ਦੇ ਇੱਕ ਅਧਿਕਾਰੀ ਨੇ ਦੱਸਿਆ ਹੈ ਕਿ ਜਹਾਜ਼ ਇੱਕ ਵੱਡੇ ਧਮਾਕੇ ਨਾਲ ਮਾਈਲਸਟੋਨ ਸਕੂਲ ਦੀ ਚਾਰ ਮੰਜ਼ਿਲਾ ਇਮਾਰਤ ਨਾਲ ਟਕਰਾ ਗਿਆ ਅਤੇ ਤੁਰੰਤ ਅੱਗ ਲੱਗ ਗਈ। ਉਧਰ ਇਸ ਘਟਨਾ ਬਾਰੇ ਸਕੂਲ ਦੇ ਇੱਕ ਅਧਿਆਪਕ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਸੁਰੱਖਿਆ ਕਰਮਚਾਰੀ ਧੱਕੇ ਨਾਲ ਲਾਸ਼ਾਂ ਨੂੰ ਬੈਗਾਂ ਵਿੱਚ ਪਾ ਰਹੇ ਸਨ ਤਾਂ ਜੋ ਉਨ੍ਹਾਂ ਨੂੰ ਢਾਕਾ ਦੇ ਕੰਬਾਈਂਡ ਮਿਲਟਰੀ ਹਸਪਤਾਲ ਲਿਜਾਇਆ ਜਾ ਸਕੇ। ਉਸਨੇ ਕਿਹਾ, "ਦਰਜਨਾਂ ਐਂਬੂਲੈਂਸਾਂ ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ ਵਿੱਚ ਲਿਜਾ ਰਹੀਆਂ ਸਨ।" ਰਾਜਧਾਨੀ ਦੇ ਨੈਸ਼ਨਲ ਬਰਨ ਇੰਸਟੀਚਿਊਟ ਨੇ ਕਿਹਾ ਕਿ ਉਹ 18 ਲੋਕਾਂ, ਜ਼ਿਆਦਾਤਰ ਵਿਦਿਆਰਥੀਆਂ, ਦਾ ਇਲਾਜ ਕਰ ਰਹੇ ਸਨ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਨਾਜ਼ੁਕ ਸੀ। ਇਸ ਸਬੰਧੀ ਅੰਤਰਿਮ ਸਰਕਾਰ ਨੇ 22 ਜੁਲਾਈ ਨੂੰ ਇੱਕ ਦਿਨ ਦਾ ਰਾਜਸੀ ਸੋਗ ਐਲਾਨਿਆ ਹੈ। ਮੁੱਖ ਸਲਾਹਕਾਰ ਪ੍ਰੋਫੈਸਰ ਮੁਹੰਮਦ ਯੂਨਸ ਨੇ ਕਰੈਸ਼ ਕਾਰਨ ਹੋਏ ਜਾਨੀ ਨੁਕਸਾਨ 'ਤੇ ਸਦਮਾ ਅਤੇ ਦੁੱਖ ਪ੍ਰਗਟ ਕੀਤਾ ਹੈ।

## ਟਰੰਪ ਦੇ 'ਕੰਟਰੋਲ' ਹੇਠ ਚੱਲ ਰਹੀ ਹੈ ਕੇਂਦਰ ਸਰਕਾਰ: ਮਮਤਾ

**ਕੋਲਕਾਤਾ।** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਦੋਸ਼ ਲਾਇਆ ਕਿ ਉਹ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ 'ਕੰਟਰੋਲ' ਹੇਠ ਚੱਲ ਰਹੀ ਹੈ। ਉਨ੍ਹਾਂ ਪਾਕਿਸਤਾਨ ਨਾਲ ਹਾਲੀਆ ਟਕਰਾਅ ਦੌਰਾਨ ਮਕਬੂਜ਼ਾ ਕਸ਼ਮੀਰ (ਪੀਓਕੇ) 'ਤੇ ਕਬਜ਼ਾ ਨਾ ਕਰਨ 'ਚ ਕੇਂਦਰ ਸਰਕਾਰ ਦੀ ਨਾਕਾਮੀ 'ਤੇ ਵੀ ਸਵਾਲ ਖੜ੍ਹੇ ਕੀਤੇ। ਉਨ੍ਹਾਂ ਬਿਹਾਰ ਵਾਂਗ ਪੱਛਮੀ ਬੰਗਾਲ 'ਚ ਵੀ ਵੋਟਰਾਂ ਦੇ ਨਾਮ ਸੂਚੀਆਂ 'ਚੋਂ ਕੱਟੇ ਜਾਣ ਦਾ ਖ਼ਦਸ਼ਾ ਪ੍ਰਗਟਾਇਆ। ਇਥੇ ਟੀਐੱਮਸੀ ਦੀ ਸਾਲਾਨਾ ਸ਼ਹੀਦੀ ਦਿਵਸ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਨੇ ਪਹਿਲਗਾਮ ਦਹਿਸ਼ਤੀ ਹਮਲੇ ਅਤੇ 'ਅਪਰੇਸ਼ਨ ਸਿੰਧੂਰ' ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ। ਉਨ੍ਹਾਂ ਕਿਹਾ, ''ਤੁਹਾਨੂੰ ਅਮਰੀਕੀ ਰਾਸ਼ਟਰਪਤੀ ਚਲਾ ਰਹੇ ਹਨ ਅਤੇ ਤੁਸੀਂ ਸਾਨੂੰ ਭਾਸ਼ਣ ਦਿੰਦੇ ਹੋ। ਤੁਸੀਂ (ਕੇਂਦਰ ਸਰਕਾਰ) ਉਨ੍ਹਾਂ (ਅਮਰੀਕੀ ਰਾਸ਼ਟਰਪਤੀ) ਦੇ ਹੁਕਮਾਂ ਦੀ ਪਾਲਣਾ ਕਰ ਰਹੇ ਹੋ।'' ਪੱਛਮੀ ਬੰਗਾਲ 'ਚ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਬੰਗਾਲੀ ਗੌਰਵ' ਦੇ ਮੁੱਦੇ ਨੂੰ ਭਖਾਉਂਦਿਆਂ ਮੁੱਖ ਮੰਤਰੀ ਨੇ ਭਾਜਪਾ 'ਤੇ ਬੰਗਾਲੀਆਂ ਖ਼ਿਲਾਫ਼ 'ਭਾਸ਼ਾਈ ਅਤਿਵਾਦ' ਫੈਲਾਉਣ ਦਾ ਦੋਸ਼ ਲਾਇਆ।



ਉਨ੍ਹਾਂ ਕਿਹਾ ਕਿ ਭਾਜਪਾ ਦੇ ਚੋਣ ਹਾਰਨ ਤੱਕ ਪਛਾਣ ਅਤੇ ਭਾਸ਼ਾ ਦੀ ਜੰਗ ਜਾਰੀ ਰਹੇਗੀ। ਮਮਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਸਿੱਧੇ ਢੰਗ ਨਾਲ ਮਖੌਲ ਉਡਾਉਂਦਿਆਂ ਕਿਹਾ, ''ਤੁਸੀਂ ਬੰਗਾਲ ਆਉਂਦੇ ਹੋ, ਟੈਲੀਪ੍ਰੋਮਪਟਰ ਦੇਖ ਕੇ ਬੰਗਾਲੀ ਬੋਲਦੇ ਹੋ ਅਤੇ ਸੋਚਦੇ ਹੋ ਕਿ ਤੁਸੀਂ ਦਿਲ ਜਿੱਤ ਸਕਦੇ ਹੋ। ਤੁਸੀਂ ਪੀਓਕੇ 'ਤੇ ਤਾਂ ਕਬਜ਼ਾ ਨਹੀਂ ਕਰ ਸਕੇ ਪਰ ਬੰਗਾਲ 'ਤੇ ਕਬਜ਼ੇ ਦਾ ਸੁਪਨਾ ਲੈ ਰਹੇ ਹੋ।''

## ਅਸੀਂ ਖ਼ਬਰਾਂ ਜਾਂ ਯੂਟਿਊਬ ਇੰਟਰਵਿਊਜ਼ ਨਹੀਂ ਦੇਖਦੇ: ਚੀਫ਼ ਜਸਟਿਸ

**ਨਵੀਂ ਦਿੱਲੀ।** ਕੇਂਦਰੀ ਜਾਂਚ ਏਜੰਸੀ ਐਂਨਫੋਰਸਮੈਂਟ ਡਾਇਰੈਕਟੋਰੇਟ ਖ਼ਿਲਾਫ਼ ਬਿਰਤਾਂਤਾਂ ਤੋਂ ਸੁਪਰੀਮ ਕੋਰਟ ਨੂੰ ਪ੍ਰਭਾਵਿਤ ਨਾ ਹੋਣ ਦੀ ਕੀਤੀ ਗਈ ਟਿੱਪਣੀ ਦੇ ਜਵਾਬ 'ਚ ਚੀਫ਼ ਜਸਟਿਸ ਬੀਆਰ ਗਵਈ ਨੇ ਕਿਹਾ, ''ਅਸੀਂ ਖ਼ਬਰਾਂ ਅਤੇ ਯੂਟਿਊਬ ਇੰਟਰਵਿਊਜ਼ ਨਹੀਂ ਦੇਖਦੇ ਹਾਂ।'' ਕੇਂਦਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਸੀ ਕਿ ਝੂਠੇ ਬਿਰਤਾਂਤ ਘੜ ਕੇ ਅਦਾਰਿਆਂ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ 'ਤੇ ਚੀਫ਼ ਜਸਟਿਸ ਨੇ ਕਿਹਾ, ''ਸਾਨੂੰ ਕਈ ਮਾਮਲਿਆਂ 'ਚ ਇਹ (ਈਡੀ ਵੱਲੋਂ ਹੱਦਾਂ ਪਾਰ ਕਰਨ) ਦੇਖਣ ਨੂੰ ਮਿਲ ਰਿਹਾ ਹੈ। ਅਜਿਹਾ ਨਹੀਂ ਹੈ ਕਿ ਸਾਨੂੰ ਇਸ ਦਾ ਪਤਾ ਨਹੀਂ ਲੱਗ ਰਿਹਾ ਹੈ।'' ਚੀਫ਼ ਜਸਟਿਸ ਪਿਛਲੇ ਹਫ਼ਤੇ ਤਬੀਅਤ



ਠੀਕ ਨਾ ਹੋਣ ਕਾਰਨ ਅਦਾਲਤੀ ਕਾਰਵਾਈਆਂ ਤੋਂ ਦੂਰ ਸਨ। ਉਨ੍ਹਾਂ ਕਿਹਾ, ''ਅਸੀਂ ਖ਼ਬਰਾਂ ਨਹੀਂ ਦੇਖਦੇ, ਨਾ ਹੀ ਯੂਟਿਊਬ 'ਤੇ ਇੰਟਰਵਿਊਜ਼ ਦੇਖਦੇ ਹਾਂ। ਪਿਛਲੇ ਹਫ਼ਤੇ ਹੀ ਮੈਂ ਕੁਝ ਫਿਲਮਾਂ ਦੇਖ ਸਕਿਆ।'' ਮਹਿਤਾ ਨੇ ਜਦੋਂ ਘੁਟਾਲਿਆਂ 'ਚ ਮੁਲਾਜ਼ਮ ਆਗੂਆਂ ਵੱਲੋਂ ਲੋਕ ਰਾਏ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੇ ਜਾਣ ਦਾ ਜ਼ਿਕਰ ਕੀਤਾ ਤਾਂ ਚੀਫ਼ ਜਸਟਿਸ ਨੇ ਕਿਹਾ, ''ਅਸੀਂ ਆਖਿਆ ਸੀ, ਇਸ ਦਾ ਸਿਆਸੀਕਰਨ ਨਾ ਕਰੋ।'' ਇਸ ਮਗਰੋਂ ਉਨ੍ਹਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ, ਕਰਨਾਟਕ ਦੇ ਮੁੱਖ ਮੰਤਰੀ ਦੀ ਪਤਨੀ ਅਤੇ ਭਾਜਪਾ ਦੇ ਸੰਸਦ ਮੈਂਬਰ ਤੇਜਸਵੀ ਸੂਰਿਆ ਖ਼ਿਲਾਫ਼ ਦਿਨ 'ਚ ਸੁਣੇ ਗਏ ਕੇਸਾਂ ਦਾ ਹਵਾਲਾ ਦਿੱਤਾ। ਜਸਟਿਸ ਕੇ. ਵਿਨੋਦ ਚੰਦਰਨ ਨੇ ਚੀਫ਼ ਜਸਟਿਸ ਨਾਲ ਸਹਿਮਤੀ ਜਤਾਉਂਦਿਆਂ ਕਿਹਾ, ''ਤੁਸੀਂ ਇਹ ਕਿਵੇਂ ਆਖ ਸਕਦੇ ਹੋ ਕਿ ਕੋਈ ਚਰਚਾ ਸਾਨੂੰ ਪ੍ਰਭਾਵਿਤ ਕਰੇਗੀ ਜਦੋਂ ਕਿ ਅਸੀਂ ਉਸ ਨੂੰ ਦੇਖਦੇ ਹੀ ਨਹੀਂ ਹਾਂ? ਚਰਚਾਵਾਂ ਹਰ ਥਾਂ ਚੱਲਦੀਆਂ ਰਹਿਣਗੀਆਂ, ਲੋਕ ਫਿਕਰਮੰਦ ਹੋ ਸਕਦੇ ਹਨ ਪਰ ਤੁਸੀਂ ਇਹ ਨਹੀਂ ਆਖ ਸਕਦੇ ਕਿ ਅਸੀਂ ਉਸ ਤੋਂ ਪ੍ਰਭਾਵਿਤ ਹੋਏ ਹਾਂ।'' ਚੀਫ਼ ਜਸਟਿਸ ਨੇ ਕਿਹਾ ਕਿ ਫ਼ੈਸਲੇ ਕਥਿਤ ਬਿਰਤਾਂਤਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਤੱਥਾਂ 'ਤੇ ਆਧਾਰਿਤ ਹੁੰਦੇ ਹਨ।

# ਇੰਡੋਨੇਸ਼ੀਆ ਵਿੱਚ ਜਹਾਜ਼ ਵਿਚ ਲੱਗੀ ਅੱਗ, 3 ਦੀ ਮੌਤ, 100 ਲਾਪਤਾ

## ਲੋਕਾਂ ਨੇ ਜਾਨ ਬਚਾਉਣ ਲਈ ਸਮੁੰਦਰ ਵਿੱਚ ਮਾਰੀ ਛਾਲ

**ਝਕਾਰਤਾ।** ਐਤਵਾਰ ਦੁਪਹਿਰ ਨੂੰ ਇੰਡੋਨੇਸ਼ੀਆ ਦੇ ਉੱਤਰੀ ਸੁਲਾਵੇਸੀ ਸੂਬੇ ਵਿੱਚ ਤਾਲਿਸੇ ਟਾਪੂ ਨੇੜੇ ਕੇਐੱਮ ਬਾਰਸੀਲੋਨਾ ਵੀਏ ਨਾਮਕ ਇੱਕ ਯਾਤਰੀ ਜਹਾਜ਼ ਵਿੱਚ ਭਿਆਨਕ ਅੱਗ ਲੱਗ ਗਈ। ਇਸ ਹਾਦਸੇ ਵਿੱਚ 3 ਲੋਕਾਂ ਦੀ ਮੌਤ ਹੋ ਗਈ। ਜਹਾਜ਼ ਵਿੱਚ 280 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ ਲਗਭਗ 150 ਯਾਤਰੀਆਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਜਦੋਂਕਿ 100 ਤੋਂ ਵੱਧ ਲੋਕ ਲਾਪਤਾ ਹਨ, ਉਨ੍ਹਾਂ ਦੀ ਭਾਲ ਜਾਰੀ ਹੈ। ਅੱਗ ਦੇ ਤੇਜ਼ੀ ਨਾਲ ਫੈਲਣ ਕਾਰਨ, ਬਹੁਤ ਸਾਰੇ ਯਾਤਰੀਆਂ ਨੇ ਆਪਣੀ ਜਾਨ ਬਚਾਉਣ ਲਈ ਸਮੁੰਦਰ ਵਿੱਚ ਛਾਲ ਮਾਰ ਦਿੱਤੀ। ਇਹ ਤਾਲੌਦ ਟਾਪੂਆਂ ਤੋਂ ਮਨਾਡੋ ਬੰਦਰਗਾਹ ਵੱਲ ਜਾ ਰਿਹਾ ਸੀ। ਖੇਤਰੀ ਆਫ਼ਤ ਪ੍ਰਬੰਧਨ ਏਜੰਸੀ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਅੱਗ ਦੁਪਹਿਰ 1:30 ਵਜੇ ਦੇ ਕਰੀਬ



ਲੱਗੀ ਅਤੇ ਤੇਜ਼ੀ ਨਾਲ ਪੂਰੇ ਜਹਾਜ਼ ਵਿੱਚ ਫੈਲ ਗਈ।ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਇੰਡੋਨੇਸ਼ੀਆ ਦੀ ਰਾਸ਼ਟਰੀ ਖੋਜ ਅਤੇ ਬਚਾਅ ਏਜੰਸੀ, ਜਲ ਸੈਨਾ, ਤੱਟ ਰੱਖਿਅਕ ਅਤੇ ਸਥਾਨਕ ਮਛੇਰਿਆਂ ਨੇ ਤੁਰੰਤ ਬਚਾਅ ਕਾਰਜ ਸ਼ੁਰੂ ਕੀਤਾ। ਲਿਕੁਪਾਂਗ ਬੰਦਰਗਾਹ 'ਤੇ ਇੱਕ ਕਮਾਂਡ ਪੋਸਟ ਸਥਾਪਤ ਕੀਤੀ ਗਈ ਹੈ, ਜਿੱਥੋਂ ਬਚਾਅ ਕਾਰਜ ਚਲਾਏ ਜਾ ਰਹੇ ਹਨ। ਅੱਗ ਲੱਗਣ ਦਾ ਸਹੀ ਕਾਰਨ ਅਜੇ ਸਪੱਸ਼ਟ ਨਹੀਂ ਹੈ। ਅਧਿਕਾਰੀਆਂ ਨੇ ਕਿਹਾ ਕਿ ਸਾਰੇ ਯਾਤਰੀਆਂ ਦੇ ਪਤਾ ਲੱਗਣ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਜਾਵੇਗੀ। ਯਾਤਰੀਆਂ ਦੇ ਪਰਿਵਾਰਾਂ ਨੂੰ ਸ਼ਾਂਤ ਰਹਿਣ ਅਤੇ ਅਧਿਕਾਰਤ ਅਪਡੇਟਸ ਦੀ ਉਡੀਕ ਕਰਨ ਦੀ ਅਪੀਲ ਕੀਤੀ ਗਈ ਹੈ।

# ਮੁੰਬਈ ਹਵਾਈ ਅੱਡੇ ਉਤੇ ਏਅਰ ਇੰਡੀਆ ਦਾ ਜਹਾਜ਼ ਹਾਦਸਾਗ੍ਰਸਤ

**ਮੁੰਬਈ।** ਕੋਚੀ ਤੋਂ ਆ ਰਿਹਾ ਏਅਰ ਇੰਡੀਆ ਦਾ ਇਕ ਜਹਾਜ਼ ਸੋਮਵਾਰ ਸਵੇਰੇ ਭਾਰੀ ਮੀਂਹ ਦੌਰਾਨ ਉਤਰਦਿਆਂ ਰਨਵੇ ਤੋਂ ਫਿਸਲ ਗਿਆ, ਜਿਸ ਕਾਰਨ ਇਕ ਰਨਵੇ ਉਤੇ ਸੰਚਾਲਨ ਅਸਥਾਈ ਤੌਰ ਉਤੇ ਮੁਅੱਤਲ ਕਰਨਾ ਪਿਆ। ਸਾਰੇ ਮੁਸਾਫ਼ਰ ਅਤੇ ਚਾਲਕ ਦਲ ਸੁਰੱਖਿਅਤ ਹਨ। ਮੁੰਬਈ ਹਵਾਈ ਅੱਡੇ ਨੇ ਇਕ ਬਿਆਨ 'ਚ ਕਿਹਾ, ''ਹਵਾਈ ਅੱਡੇ ਦੇ ਮੁਢਲੇ ਰਨਵੇ 09/27 ਨੂੰ ਮਾਮੂਲੀ ਨੁਕਸਾਨ ਹੋਇਆ ਹੈ। ਸੰਚਾਲਨ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣ ਲਈ ਸੈਕੰਡਰੀ ਰਨਵੇ 14/32 ਨੂੰ ਚਾਲੂ ਕਰ ਦਿਤਾ ਗਿਆ ਹੈ।'' ਸੂਤਰਾਂ ਮੁਤਾਬਕ ਇਸ ਘਟਨਾ ਕਾਰਨ ਜਹਾਜ਼ ਦੇ ਤਿੰਨ ਟਾਇਰ ਫਟ ਗਏ ਅਤੇ ਇੰਜਣ ਨੂੰ ਨੁਕਸਾਨ ਪਹੁੰਚਿਆ। ਸੂਤਰ ਨੇ ਦਸਿਆ ਕਿ ਚਿੱਕੜ 'ਚ ਡਿੱਗਣ ਤੋਂ ਬਾਅਦ ਇੰਜਣ ਨੇ ਗੰਦਗੀ ਨੂੰ ਅੰਦਰ ਖਿੱਚ ਲਿਆ। ਜਹਾਜ਼ ਨੂੰ ਖਿੱਚ ਕੇ ਸੁਰੱਖਿਅਤ ਤਰੀਕੇ ਨਾਲ ਗੇਟ ਉਤੇ ਪਹੁੰਚਾ ਦਿਤਾ ਗਿਆ ਅਤੇ ਸਾਰੇ ਮੁਸਾਫ਼ਰ ਅਤੇ ਚਾਲਕ ਦਲ ਦੇ ਮੈਂਬਰ ਉਤਰ ਗਏ ਹਨ। ਏਅਰ ਇੰਡੀਆ ਦੇ ਬੁਲਾਰੇ ਨੇ ਇਕ ਬਿਆਨ 'ਚ ਕਿਹਾ ਕਿ ਜਹਾਜ਼ ਨੂੰ ਜਾਂਚ ਲਈ ਖੜ੍ਹਾ ਕਰ ਦਿਤਾ ਗਿਆ ਹੈ।



ਇਕ ਸੂਤਰ ਨੇ ਦਸਿਆ ਕਿ ਯਾਤਰਾ ਤੋਂ ਬਾਅਦ ਹਵਾਈ ਅੱਡੇ ਦੇ ਇਕ ਰਨਵੇ ਉਤੇ ਸੰਚਾਲਨ ਬੰਦ ਕਰ ਦਿਤਾ ਗਿਆ ਅਤੇ ਫਿਰ ਦੁਬਾਰਾ ਸ਼ੁਰੂ ਕੀਤਾ ਗਿਆ। ਮੁੰਬਈ ਹਵਾਈ ਅੱਡੇ ਨੇ ਇਕ ਬਿਆਨ ਵਿਚ ਕਿਹਾ ਕਿ ਜਹਾਜ਼ ਨੂੰ ਸਵੇਰੇ 9:27 ਵਜੇ ਰਨਵੇ ਅਭਿਆਸ ਦਾ ਅਨੁਭਵ ਹੋਇਆ ਅਤੇ ਹਵਾਈ ਅੱਡੇ ਦੀਆਂ ਐਮਰਜੈਂਸੀ ਰਿਸਪਾਂਸ ਟੀਮਾਂ ਨੂੰ ਰਨਵੇ ਅਭਿਆਸ ਦਾ ਪ੍ਰਬੰਧਨ ਕਰਨ ਲਈ ਤੁਰਤ ਸਰਗਰਮ ਕਰ ਦਿਤਾ ਗਿਆ। ਦੇਸ਼ ਦੇ ਸੱਭ ਤੋਂ ਵਿਅਸਤ ਹਵਾਈ ਅੱਡਿਆਂ ਵਿਚੋਂ ਇਕ ਸ਼ਹਿਰ ਵਿਚ ਛਤਰਪਤੀ ਸ਼ਿਵਾਜੀ ਮਹਾਰਾਜ ਕੌਮਾਂਤਰੀ ਹਵਾਈ ਅੱਡੇ (ਸੀ.ਐਸ.ਐਮ.ਆਈ.ਏ.) ਦੇ ਦੋ ਰਨਵੇ ਹਨ।

# ਪੰਜਾਬ 'ਚ 2 ਦਿਨਾਂ ਲਈ ਭਾਰੀ ਮੀਂਹ ਦੀ ਚੇਤਾਵਨੀ



**ਚੰਡੀਗੜ੍ਹ।** ਭਾਰਤੀ ਮੌਸਮ ਵਿਭਾਗ ਨੇ ਕਿਹਾ ਹੈ ਕਿ ਅਗਲੇ ਦੋ ਦਿਨਾਂ (21 ਅਤੇ 22 ਜੁਲਾਈ) ਵਿੱਚ ਪੰਜਾਬ ਵਿੱਚ ਮੀਂਹ ਤੇਜ਼ ਹੋ ਸਕਦਾ ਹੈ। ਅੱਜ ਸੂਬੇ ਵਿੱਚ ਪੀਲਾ ਅਲਰਟ ਜਾਰੀ ਕੀਤਾ ਗਿਆ ਹੈ। ਕੱਲ੍ਹ ਕੁਝ ਥਾਵਾਂ ਨੂੰ ਛੱਡ ਕੇ, ਕੋਈ ਭਾਰੀ ਮੀਂਹ ਨਹੀਂ ਪਿਆ, ਪਰ ਬੱਦਲਵਾਈ ਕਾਰਨ ਤਾਪਮਾਨ ਥੋੜ੍ਹਾ ਡਿੱਗ ਗਿਆ।

### ਕਿਹੜੇ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਪਵੇਗਾ?

ਮੌਸਮ ਵਿਭਾਗ ਚੰਡੀਗੜ੍ਹ ਅਨੁਸਾਰ, ਪੰਜਾਬ ਦੇ 12 ਜ਼ਿਲ੍ਹਿਆਂ ਵਿੱਚ ਭਾਰੀ ਤੋਂ ਦਰਮਿਆਨੀ ਮੀਂਹ ਪੈ ਸਕਦਾ ਹੈ। ਹੁਸ਼ਿਆਰਪੁਰ, ਪਠਾਨਕੋਟ, ਨਵਾਂਸ਼ਹਿਰ, ਫਤਿਹਗੜ੍ਹ ਸਾਹਿਬ, ਮੋਹਾਲੀ ਅਤੇ ਰੂਪਨਗਰ ਵਿੱਚ 12 ਸੈਂਟੀਮੀਟਰ ਜਾਂ ਇਸ ਤੋਂ ਵੱਧ ਯਾਨੀ ਭਾਰੀ ਮੀਂਹ ਪੈ ਸਕਦਾ ਹੈ। ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿੱਚ ਦਰਮਿਆਨੀ ਮੀਂਹ ਪੈਣ ਦੀ ਸੰਭਾਵਨਾ ਹੈ। ਬਾਕੀ ਜ਼ਿਲ੍ਹਿਆਂ ਵਿੱਚ ਹਲਕੀ ਬਾਰਿਸ਼ ਹੋ ਸਕਦੀ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਇਨ੍ਹਾਂ ਦੋ ਦਿਨਾਂ ਵਿੱਚ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲਣ ਦੀ ਉਮੀਦ ਹੈ।

ਤਾਪਮਾਨ ਆਮ ਦੇ ਨੇੜੇ ਪਹੁੰਚ ਗਿਆ ਹੈ ਦੂਜੇ ਪਾਸੇ, ਜੇਕਰ ਅਸੀਂ ਤਾਪਮਾਨ ਦੀ ਗੱਲ ਕਰੀਏ ਤਾਂ ਸੂਬੇ ਵਿੱਚ ਵੱਧ ਤੋਂ ਵੱਧ ਤਾਪਮਾਨ ਵਿੱਚ ਔਸਤਨ 0.6 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਗਿਰਾਵਟ ਨੂੰ ਆਮ ਮੰਨਿਆ ਜਾਂਦਾ ਹੈ। ਪੰਜਾਬ ਵਿੱਚ ਸਭ ਤੋਂ ਵੱਧ ਤਾਪਮਾਨ ਪਟਿਆਲਾ ਵਿੱਚ 35.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਲੁਧਿਆਣਾ ਵਿੱਚ 35 ਡਿਗਰੀ ਸੈਲਸੀਅਸ, ਬਠਿੰਡਾ ਵਿੱਚ 35.4, ਅੰਮ੍ਰਿਤਸਰ ਵਿੱਚ 34.2, ਪਠਾਨਕੋਟ ਵਿੱਚ 32.7 ਅਤੇ ਫਿਰੋਜ਼ਪੁਰ ਵਿੱਚ 33 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਫਿਰੋਜ਼ਪੁਰ ਅਤੇ ਪਠਾਨਕੋਟ ਵਿੱਚ 2.5 ਮਿਲੀਮੀਟਰ ਮੀਂਹ ਪਿਆ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਉਪ ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ ਅਸਤੀਫ਼ਾ, ਮੈਡੀਕਲ ਕਾਰਨਾਂ ਦਾ ਦਿੱਤਾ ਹਵਾਲਾ



**ਨਵੀਂ ਦਿੱਲੀ।** ਉਪ ਰਾਸ਼ਟਰਪਤੀ ਜਗਦੀਪ ਧਨਖੜ (74) ਨੇ ਸੋਮਵਾਰ ਸ਼ਾਮੀਂ ਮੈਡੀਕਲ ਕਾਰਨਾਂ ਦੇ ਹਵਾਲੇ ਨਾਲ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਆਪਣਾ ਅਸਤੀਫ਼ਾ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਭੇਜ ਦਿੱਤਾ ਹੈ। ਧਨਖੜ ਨੇ ਕਿਹਾ ਕਿ ਉਹ ਤੁਰੰਤ ਪ੍ਰਭਾਵ ਤੋਂ ਅਹੁਦਾ ਛੱਡ ਰਹੇ ਹਨ। ਧਨਖੜ ਅਗਸਤ 2022 ਵਿਚ ਉਪ ਰਾਸ਼ਟਰਪਤੀ ਬਣੇ ਸਨ। ਧਨਖੜ ਨੇ ਰਾਸ਼ਟਰਪਤੀ ਨੂੰ ਲਿਖੇ ਆਪਣੇ ਪੱਤਰ ਵਿੱਚ ਕਿਹਾ, ''ਸਿਹਤ ਸੰਭਾਲ ਨੂੰ ਤਰਜੀਹ ਦੇਣ ਅਤੇ ਡਾਕਟਰੀ ਸਲਾਹ ਦੀ ਪਾਲਣਾ ਕਰਨ ਲਈ, ਮੈਂ ਸੰਵਿਧਾਨ ਦੀ ਧਾਰਾ 67(ਏ) ਦੇ ਅਨੁਸਾਰ, ਤੁਰੰਤ ਪ੍ਰਭਾਵ ਨਾਲ, ਭਾਰਤ ਦੇ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਰਿਹਾ ਹਾਂ।''

ਮੁਰਗੀ ਪਾਲਣ ਸਬੰਧੀ ਸਿਖਲਾਈ ਕੋਰਸ

ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ (ਹੁਸ਼ਿਆਰਪੁਰ) ਨਜ਼ਦੀਕ ਮਹਿਲਪੁਰ ਵਿਖੇ "ਮੁਰਗੀ ਪਾਲਣ" ਸਬੰਧੀ ਸਿਖਲਾਈ ਕੋਰਸ ਮਿਤੀ 21 ਤੋਂ 28 ਜੁਲਾਈ, 2025 (21, 22, 24, 25 ਅਤੇ 28-07-2025) ਨੂੰ ਲਗਾਇਆ ਜਾ ਰਿਹਾ ਹੈ।

ਚਾਹਵਾਨ ਕਿਸਾਨ/ਕਿਸਾਨ ਬੀਬੀਆਂ 9463054635 ਤੇ ਸੰਪਰਕ ਕਰੋ।

# ਪਾਕਿਸਤਾਨ 'ਚ ਮਾਨਸੂਨ ਨੇ ਮਚਾਈ ਤਬਾਹੀ, ਮਰਨ ਵਾਲਿਆਂ ਦੀ ਗਿਣਤੀ ਹੋਈ 216

**ਇਸਲਾਮਾਬਾਦ।** ਪਾਕਿਸਤਾਨ ਦੇ ਆਫ਼ਤ ਪ੍ਰਬੰਧਨ ਅਥਾਰਟੀ ਦੇ ਹਵਾਲੇ ਨਾਲ ਜੀਓ ਟੀਵੀ ਨੇ ਸੋਮਵਾਰ ਨੂੰ ਰਿਪੋਰਟ ਦਿੱਤੀ ਕਿ ਪਿਛਲੇ 24 ਘੰਟਿਆਂ ਵਿੱਚ ਪਾਕਿਸਤਾਨ ਵਿੱਚ ਮੀਂਹ ਅਤੇ ਹੜ੍ਹ ਨਾਲ ਸਬੰਧਤ ਘਟਨਾਵਾਂ ਕਾਰਨ ਘੱਟੋ-ਘੱਟ 13 ਹੋਰ ਲੋਕ ਮਾਰੇ ਗਏ ਹਨ ਕਿਉਂਕਿ ਦੇਸ਼ ਦੇ ਕੁਝ ਹਿੱਸਿਆਂ ਵਿੱਚ ਭਾਰੀ ਮਾਨਸੂਨ ਜਾਰੀ ਹੈ। ਇਸ ਤਰ੍ਹਾਂ 26 ਜੂਨ ਤੋਂ ਲੈ ਕੇ ਹੁਣ ਤੱਕ ਭਾਰੀ ਬਾਰਿਸ਼ ਕਾਰਨ ਮਰਨ ਵਾਲਿਆਂ ਦੀ ਗਿਣਤੀ 216 ਹੋ ਗਈ ਹੈ, ਅਤੇ ਹੁਣ ਤੱਕ 580 ਜ਼ਖਮੀ ਹੋ ਗਏ ਹਨ। ਜੀਓ ਟੀਵੀ ਦੇ ਅਨੁਸਾਰ, ਬਾਰਿਸ਼ ਕਾਰਨ ਹੜ੍ਹ ਆਏ ਹਨ ਅਤੇ ਇਮਾਰਤਾਂ ਡਿੱਗ ਗਈਆਂ ਹਨ, ਜਿਸ ਵਿੱਚ ਸਭ ਤੋਂ ਵੱਧ ਮੌਤਾਂ ਕਮਜ਼ੋਰ ਘਰਾਂ ਦੀਆਂ ਛੱਤਾਂ ਟੁੱਟਣ ਕਾਰਨ ਹੋਈਆਂ ਹਨ। ਐਨਡੀਐਮਏ ਨੇ ਕਿਹਾ ਕਿ ਜ਼ਿਆਦਾਤਰ ਮੌਤਾਂ ਘਰਾਂ ਦੇ ਢਹਿਣ, ਅਚਾਨਕ ਹੜ੍ਹ, ਬਿਜਲੀ ਡਿੱਗਣ, ਡੁੱਬਣ ਅਤੇ ਜ਼ਮੀਨ ਖਿਸਕਣ ਕਾਰਨ ਹੋਈਆਂ ਹਨ।

ਪਾਕਿਸਤਾਨ ਦੇ ਆਫ਼ਤ ਪ੍ਰਬੰਧਨ ਵਾਚਡੌਗ ਨੇ ਰਿਪੋਰਟ ਦਿੱਤੀ ਕਿ ਪੰਜਾਬ ਵਿੱਚ 12 ਅਤੇ ਖੈਬਰ ਪਖਤੂਨਖਵਾ ਵਿੱਚ ਇੱਕ ਦੀ ਰਿਪੋਰਟ ਮਿਲੀ ਹੈ। ਪੀੜਤਾਂ ਵਿੱਚ ਚਾਰ ਬੱਚੇ ਅਤੇ ਤਿੰਨ ਔਰਤਾਂ ਸ਼ਾਮਲ ਹਨ। ਇਸ ਘਾਤਕ ਦੌਰ ਦੀ ਸ਼ੁਰੂਆਤ ਤੋਂ ਲੈ ਕੇ, 101 ਬੱਚਿਆਂ ਦੀ ਮੌਤ ਹੋ ਗਈ ਹੈ। ਕਮਜ਼ੋਰ ਢਾਂਚਿਆਂ ਵਿੱਚ ਰਹਿਣ ਵਾਲੇ ਬਹੁਤ ਸਾਰੇ ਪਰਿਵਾਰਾਂ ਨੂੰ ਮੀਂਹ ਪੈਣ ਤੋਂ ਬਾਅਦ ਬਹੁਤ ਘੱਟ ਮੌਕਾ ਮਿਲਿਆ। ਐਨਡੀਐਮਏ ਵੱਲੋਂ ਜਾਰੀ ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਬਾਰਿਸ਼ ਸ਼ੁਰੂ ਹੋਣ ਤੋਂ ਬਾਅਦ ਲਗਭਗ 800 ਘਰ ਤਬਾਹ ਹੋ ਗਏ ਹਨ, ਜਦੋਂ ਕਿ ਪਸ਼ੂਆਂ ਦਾ ਨੁਕਸਾਨ ਵੀ ਹੋ



ਰਿਹਾ ਹੈ, ਜਿਸ ਵਿੱਚ ਲਗਭਗ 200 ਜਾਨਵਰ ਹੜ੍ਹਾਂ ਵਿੱਚ ਮਾਰੇ ਗਏ ਜਾਂ ਵਹਿ ਗਏ। ਮੀਡੀਆ ਰਿਪੋਰਟ ਦੇ ਅਨੁਸਾਰ, ਖੈਬਰ ਪਖਤੂਨਖਵਾ ਅਤੇ ਗਿਲਗਿਤ ਬਾਲਟਿਸਤਾਨ ਖੇਤਰਾਂ ਵਿੱਚ ਗਲੇਸ਼ੀਅਰ ਝੀਲ ਫਟਣ ਨਾਲ ਹੜ੍ਹ ਆਉਣ ਦਾ ਵੀ ਡਰ ਹੈ। ਯੂਐਨ ਨਿਊਜ਼ ਨੇ ਉਜਾਗਰ ਕੀਤਾ ਕਿ ਇਹ ਹੜ੍ਹ ਕਿਵੇਂ ਪਾਕਿਸਤਾਨ ਦੀ ਜਲਵਾਯੂ ਝਟਕਿਆਂ ਪ੍ਰਤੀ ਕਮਜ਼ੋਰੀ ਨੂੰ ਦਰਸਾਉਂਦੇ ਹਨ। ਪਿਛਲੇ ਸਮੇਂ ਵਿੱਚ 2022 ਵਿੱਚ, ਮਾਨਸੂਨ ਹੜ੍ਹਾਂ ਨੇ 1,700 ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਸੀ, ਲੱਖਾਂ ਲੋਕ ਬੇਘਰ ਹੋ ਗਏ ਸਨ ਅਤੇ ਪਾਣੀ ਪ੍ਰਣਾਲੀਆਂ ਨੂੰ ਤਬਾਹ ਕਰ ਦਿੱਤਾ ਸੀ।

ਇਸ ਦੇ ਨਤੀਜੇ ਵਜੋਂ ਲਗਭਗ 40 ਬਿਲੀਅਨ ਅਮਰੀਕੀ ਡਾਲਰ ਦਾ ਆਰਥਿਕ ਨੁਕਸਾਨ ਵੀ ਹੋਇਆ ਸੀ।

ਪਾਕਿਸਤਾਨ ਨੂੰ ਜੂਨ ਤੋਂ ਸਤੰਬਰ ਤੱਕ ਨਿਯਮਤ ਮਾਨਸੂਨ ਹੜ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸਦੇ ਨਤੀਜੇ ਵਜੋਂ ਅਕਸਰ ਘਾਤਕ ਜ਼ਮੀਨ ਖਿਸਕਣ, ਬੁਨਿਆਦੀ ਢਾਂਚੇ ਨੂੰ ਨੁਕਸਾਨ ਅਤੇ ਵੱਡੇ ਪੱਧਰ 'ਤੇ ਵਿਸਥਾਪਨ ਹੁੰਦਾ ਹੈ, ਖਾਸ ਕਰਕੇ ਸੰਘਣੀ ਆਬਾਦੀ ਵਾਲੇ ਜਾਂ ਮਾੜੇ ਨਿਕਾਸ ਵਾਲੇ ਖੇਤਰਾਂ ਵਿੱਚ।

## ਵੈਸ਼ਨੋ ਦੇਵੀ 'ਚ ਜ਼ਮੀਨ ਖਿਸਕਣ ਕਾਰਨ ਗੰਗਾ ਨੇੜੇ ਡਿੱਗਿਆ ਭਾਰੀ ਮਲਬਾ, 10 ਸ਼ਰਧਾਲੂ ਦੱਬੇ, ਯਾਤਰਾ ਰੋਕੀ



**ਰਿਆਸੀ।** ਜੰਮੂ-ਕਸ਼ਮੀਰ ਵਿੱਚ ਭਾਰੀ ਮੀਂਹ ਪਿਆ। ਮੀਂਹ ਕਾਰਨ ਸੋਮਵਾਰ ਸਵੇਰੇ ਕਟੜਾ ਵਿੱਚ ਮਾਤਾ ਵੈਸ਼ਨੋ ਦੇਵੀ ਯਾਤਰਾ ਮਾਰਗ 'ਤੇ ਜ਼ਮੀਨ ਖਿਸਕ ਗਈ। ਇਸ ਹਾਦਸੇ ਵਿੱਚ 5 ਸ਼ਰਧਾਲੂਆਂ ਸਮੇਤ 10 ਲੋਕ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਬਾਣਗੰਗਾ ਨੇੜੇ ਗੁਲਸ਼ਨ ਕਾ ਲੰਗਰ ਵਿਖੇ ਸਵੇਰੇ 8.50 ਵਜੇ ਦੇ ਕਰੀਬ ਵਾਪਰੀ। ਇਹ ਸਥਾਨ ਯਾਤਰਾ ਦਾ ਸ਼ੁਰੂਆਤੀ ਬਿੰਦੂ ਹੈ। ਇਸ ਰਸਤੇ ਦੀ ਵਰਤੋਂ ਅਕਸਰ ਟੱਟੂ ਮਾਲਕ ਕਰਦੇ ਹਨ। ਭਾਰੀ ਮੀਂਹ ਕਾਰਨ ਇਹ ਜ਼ਮੀਨ ਖਿਸਕ ਗਈ। ਕਟੜਾ ਵਿੱਚ ਮੀਂਹ ਪੈ ਰਿਹਾ ਸੀ, ਜੋ ਕਿ ਯਾਤਰਾ ਦਾ ਅਧਾਰ ਕੈਂਪ ਹੈ।ਤੀਰਥ ਯਾਤਰੀਆਂ ਨੂੰ

**ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ**

ਜ਼ਮੀਨ ਖਿਸਕਣ ਤੋਂ ਤੁਰੰਤ ਬਾਅਦ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਗਏ। ਫਸੇ ਹੋਏ ਚਾਰੇ ਸ਼ਰਧਾਲੂਆਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ। ਅਧਿਕਾਰੀਆਂ ਨੇ ਕਿਹਾ ਕਿ ਬਚਾਅ ਕਾਰਜ ਅਜੇ ਵੀ ਜਾਰੀ ਹਨ।

SHAM LAL CHANDER
ID no. 921760
BUILDING MAINTENANCE HANDYMAN
(CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : -
Repairs/Replacement of Bathrooms accessories (sink, taps, tubs, showers, Toilets etc.

ELECTRICIAN :-
Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: -
Plastering, skimming, Brick Work, Slabs Lying, Drive Ways, Roof maintenance etc.

CARPENTRY: -
Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਰੇਲਵੇ ਕਰਮਚਾਰੀਆਂ ਦੇ ਹੱਕ ਵਿੱਚ ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਦਾ ਸ਼ੰਖਨਾਦ

## 21-22 ਸਤੰਬਰ ਨੂੰ ਬਨਾਰਸ ਵਿੱਚ ਇਜਲਾਸ, 3 ਮਹੀਨੇ ਦਾ ਦੇਸ਼ ਵਿਆਪੀ ਅੰਦੋਲਨ ਤੈਅ

**ਕਪੂਰਥਲਾ ( ਵਿਸ਼ੇਸ਼ ਪ੍ਰਤੀਨਿਧ)-** ਭਾਰਤੀ ਰੇਲਵੇ ਦੇ ਲੱਖਾਂ ਕਰਮਚਾਰੀਆਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਮੋਹਰੀ ਯੂਨੀਅਨ, ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ , ਦੀ ਦੋ-ਦਿਨਾਂ ਰਾਸ਼ਟਰੀ ਕਾਰਜਕਾਰਨੀ ਦੀ ਮਹੱਤਵਪੂਰਨ ਮੀਟਿੰਗ ਅੱਜ ਹਰਕਿਸ਼ਨ ਸਿੰਘ ਸੁਰਜੀਤ ਭਵਨ, ਨਵੀਂ ਦਿੱਲੀ ਵਿਖੇ ਸਫਲਤਾਪੂਰਵਕ ਸੰਪੰਨ ਹੋਈ। ਇਹ ਮੀਟਿੰਗ 20 ਅਤੇ 21 ਜੁਲਾਈ 2025 ਨੂੰ ਆਯੋਜਿਤ ਕੀਤੀ ਗਈ ਸੀ।

ਮੀਟਿੰਗ ਵਿੱਚ ਸਰਬਸੰਮਤੀ ਨਾਲ ਕਈ ਮਹੱਤਵਪੂਰਨ ਫੈਸਲੇ ਲਏ ਗਏ, ਜੋ ਰੇਲਵੇ ਕਰਮਚਾਰੀਆਂ ਦੇ ਭਵਿੱਖ ਦੇ ਸੰਘਰਸ਼ ਦੀ ਦਿਸ਼ਾ ਤੈਅ ਕਰਨਗੇ। ਇਹਨਾਂ ਵਿੱਚ ਸਭ ਤੋਂ ਪ੍ਰਮੁੱਖ ਘੋਸ਼ਣਾ ਇਹ ਹੈ ਕਿ ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ ਦਾ ਅਗਲਾ ਰਾਸ਼ਟਰੀ ਇਜਲਾਸ 21 ਅਤੇ 22 ਸਤੰਬਰ 2025 ਨੂੰ ਬਨਾਰਸ ਵਿੱਚ ਆਯੋਜਿਤ ਕੀਤਾ ਜਾਵੇਗਾ। ਇਸ ਇਜਲਾਸ ਵਿੱਚ ਦੇਸ਼ ਭਰ ਤੋਂ ਹਜ਼ਾਰਾਂ ਰੇਲਵੇ ਕਰਮਚਾਰੀ ਪ੍ਰਤੀਨਿਧੀ ਸ਼ਾਮਲ ਹੋਣਗੇ। ਭਾਰਤ ਸਰਕਾਰ ਦੀਆਂ ਮਜ਼ਦੂਰ ਅਤੇ ਕਰਮਚਾਰੀ ਵਿਰੋਧੀ ਨੀਤੀਆਂ ਦੇ ਖਿਲਾਫ ਪੂਰੇ ਰੇਲਵੇ ਵਿੱਚ ਤਿੰਨ ਮਹੀਨੇ ਦਾ ਰਾਸ਼ਟਰ ਵਿਆਪੀ ਅੰਦੋਲਨ ਪ੍ਰੋਗਰਾਮ ਤੈਅ ਕੀਤਾ ਗਿਆ ਹੈ। ਇਹ ਅੰਦੋਲਨ ਦੇ ਬੈਨਰ ਹੇਠ ਸਾਰੀਆਂ ਜ਼ੋਨਲ ਇਕਾਈਆਂ ਨੂੰ ਨਾਲ ਲੈ ਕੇ ਚਲਾਇਆ ਜਾਵੇਗਾ।

ਇਸ ਮੌਕੇ 'ਤੇ ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ ਦੇ ਰਾਸ਼ਟਰੀ ਜਨਰਲ ਸਕੱਤਰ ਕਾਮਰੇਡ ਸਰਬਜੀਤ ਸਿੰਘ ਨੇ ਬਿਆਨ ਦਿੰਦਿਆਂ ਕਿਹਾ, "ਅੱਜ ਦੇਸ਼ ਵਿੱਚ ਭਾਰਤ ਸਰਕਾਰ ਪੂੰਜੀਪਤੀਆਂ ਦੇ ਪੱਖ ਵਿੱਚ ਖੁੱਲ੍ਹ ਕੇ ਕਾਰਪੋਰੇਟ ਨੀਤੀਆਂ ਲਾਗੂ ਕਰ ਰਹੀ ਹੈ। ਇਹ ਨੀਤੀਆਂ ਨਾ ਸਿਰਫ਼ ਰੇਲਵੇ ਕਰਮਚਾਰੀਆਂ, ਬਲਕਿ ਦੇਸ਼ ਦੇ ਆਮ ਲੋਕਾਂ ਦੇ ਹਿੱਤਾਂ ਦੇ ਵੀ ਪੂਰੀ ਤਰ੍ਹਾਂ ਖਿਲਾਫ ਹਨ। ਸਾਡਾ ਇਹ ਤਿੰਨ ਮਹੀਨੇ ਦਾ ਦੇਸ਼ ਵਿਆਪੀ ਅੰਦੋਲਨ ਨਵੀਂ ਭਰਤੀ ਨਾ ਹੋਣ, ਆਊਟਸੋਰਸਿੰਗ, ਠੇਕਾ ਪ੍ਰਥਾ,




ਲੋਡਿੰਗ/ਅਨਲੋਡਿੰਗ ਕਾਰਜ ਲਈ 12 ਘੰਟੇ ਦੀਆਂ ਅਮਾਨਵੀ ਸ਼ਿਫਟਾਂ, ਔਰਤਾਂ ਲਈ ਵੱਖਰੇ ਚੇਂਜਿੰਗ ਰੂਮਾਂ ਦੀ ਘਾਟ, ਟ੍ਰੈਕ ਮੇਨਟੇਨਰਾਂ ਲਈ ਆਰਾਮ ਘਰਾਂ ਦੀ ਕਮੀ, ਸੁਰੱਖਿਆ ਉਪਕਰਨਾਂ ਦੀ ਘਾਟ, ਸੱਤਵੇਂ ਤਨਖਾਹ ਕਮਿਸ਼ਨ ਅਨੁਸਾਰ ਪ੍ਰੋਡਕਟੀਵਿਟੀ ਲਿੰਕਡ ਬੋਨਸ ਦੀ ਗਣਨਾ ਨਾ ਹੋਣਾ, ਅੱਠਵੇਂ ਤਨਖਾਹ ਕਮਿਸ਼ਨ ਦਾ ਜਲਦ ਗਠਨ, ਕਰਮਚਾਰੀਆਂ ਨੂੰ ਮਿਲਣ ਵਾਲੀਆਂ ਬੁਨਿਆਦੀ ਸਹੂਲਤਾਂ ਦੀ ਸਮੇਂ ਸਿਰ ਪੂਰਤੀ ਨਾ ਹੋਣਾ, ਰੇਲਵੇ ਦੀਆਂ ਖਾਲੀ ਪਈਆਂ ਲੱਖਾਂ ਅਸਾਮੀਆਂ 'ਤੇ ਤੁਰੰਤ ਨਵੀਂ ਭਰਤੀ ਕਰਨਾ, ਅਤੇ ਐੱਨ ਪੀ ਐੱਸ/ ਯੂ ਪੀ ਐੱਸ ਨੂੰ ਰੱਦ ਕਰਕੇ ਤੁਰੰਤ ਪ੍ਰਭਾਵ ਨਾਲ ਪੁਰਾਣੀ ਪੈਨਸ਼ਨ ਸਕੀਮ ਓ ਪੀ ਐੱਸ ਨੂੰ ਬਹਾਲ ਕਰਨਾ ਵਰਗੀਆਂ ਸਾਡੀਆਂ ਪ੍ਰਮੁੱਖ ਮੰਗਾਂ ਨੂੰ ਲੈ ਕੇ ਇੱਕ ਨਿਰਣਾਇਕ ਸੰਘਰਸ਼ ਹੋਵੇਗਾ।"

ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ ਦੇ ਰਾਸ਼ਟਰੀ ਕਾਰਜਕਾਰੀ ਪ੍ਰਧਾਨ ਸ਼੍ਰੀ ਅਖਿਲੇਸ਼ ਪਾਂਡੇ ਨੇ ਆਪਣੇ ਸੰਬੋਧਨ ਵਿੱਚ ਕਿਹਾ, "ਰੇਲਵੇ ਕਰਮਚਾਰੀ ਰਾਸ਼ਟਰ ਦੀ ਰੀੜ੍ਹ ਦੀ ਹੱਡੀ ਹਨ ਅਤੇ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਉਨ੍ਹਾਂ ਦੇ ਮਨੋਬਲ ਨੂੰ ਲਗਾਤਾਰ ਤੋੜ ਰਹੀਆਂ ਹਨ। ਆਈ ਆਰ ਈ ਐੱਫ ਕਿਸੇ ਵੀ ਕੀਮਤ 'ਤੇ ਇਨ੍ਹਾਂ ਸ਼ੋਸ਼ਣਕਾਰੀ ਨੀਤੀਆਂ ਨੂੰ ਸਫਲ ਨਹੀਂ ਹੋਣ ਦੇਵੇਗਾ ਅਤੇ ਕਰਮਚਾਰੀਆਂ ਦੇ ਅਧਿਕਾਰਾਂ ਲਈ ਆਖਰੀ ਸਾਹ ਤੱਕ ਸੰਘਰਸ਼ ਕਰੇਗਾ। ਅਸੀਂ ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ ਦੇ ਪ੍ਰਚਾਰ-ਪ੍ਰਸਾਰ ਨੂੰ ਮਜ਼ਬੂਤ ਕਰਨ ਲਈ ਹਰੇਕ ਜ਼ੋਨ ਤੋਂ ਦੋ-ਦੋ ਸਰਗਰਮ ਵਰਕਰਾਂ ਨੂੰ ਨਾਲ ਲੈ ਕੇ ਇੱਕ ਵਿਸ਼ੇਸ਼ ਆਈਟੀ ਸੈੱਲ ਦੇ ਗਠਨ ਦਾ ਵੀ ਫੈਸਲਾ ਲਿਆ ਹੈ, ਤਾਂ ਜੋ ਸਾਡੀ ਆਵਾਜ਼ ਹਰੇਕ ਕਰਮਚਾਰੀ ਤੱਕ ਪਹੁੰਚ ਸਕੇ।"

ਉਨ੍ਹਾਂ ਇਹ ਵੀ ਰੇਖਾਂਕਿਤ ਕੀਤਾ ਕਿ ਆਈ ਆਰ ਈ ਐੱਫ, ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਅਤੇ ਫਰੰਟ ਅਗੇਂਸਟ ਰੇਲਵੇ ਫੈਨਸਰ ਦੁਆਰਾ ਰੇਲਵੇ ਵਿੱਚ ਚਲਾਏ ਜਾ ਰਹੇ ਅੰਦੋਲਨਾਂ ਦਾ ਹਮੇਸ਼ਾ ਤੋਂ ਸਮਰਥਨ ਕਰਦਾ ਰਿਹਾ ਹੈ ਅਤੇ ਅਗਲੀ ਕਤਾਰ ਵਿੱਚ ਸੰਘਰਸ਼ਸ਼ੀਲ ਹੈ। ਇਸੇ ਲੜੀ ਵਿੱਚ, ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ ਦੁਆਰਾ 25 ਨਵੰਬਰ ਨੂੰ ਪੁਰਾਣੀ ਪੈਨਸ਼ਨ ਬਹਾਲੀ ਲਈ 'ਦਿੱਲੀ ਚਲੋ' ਅੰਦੋਲਨ ਦਾ ਪੂਰਾ ਸਮਰਥਨ ਕਰਦਾ ਹੈ ਅਤੇ ਸਮੂਹ ਰੇਲਵੇ ਕਰਮਚਾਰੀਆਂ ਅਤੇ ਜ਼ੋਨਲ ਯੂਨੀਅਨਾਂ ਨੂੰ ਨਾਲ ਲੈ ਕੇ ਇਸ ਇਤਿਹਾਸਕ ਅੰਦੋਲਨ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋਵੇਗਾ।

ਮੀਟਿੰਗ ਵਿੱਚ ਆਲ ਇੰਡੀਆ ਸੈਂਟਰਲ ਕੌਂਸਲ ਆਫ਼ ਟਰੇਡ ਯੂਨੀਅਨਜ਼ ਦੇ ਰਾਸ਼ਟਰੀ ਜਨਰਲ ਸਕੱਤਰ ਕਾਮਰੇਡ ਰਾਜੀਵ ਡਿਮਰੀ ਅਤੇ ਰਾਸ਼ਟਰੀ ਪ੍ਰਧਾਨ ਕਾਮਰੇਡ ਸ਼ੰਕਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਨੇ ਆਈ ਆਰ ਈ ਐੱਫ ਦੇ ਸੰਘਰਸ਼ ਨੂੰ ਪੂਰਾ ਸਮਰਥਨ ਦਿੰਦਿਆਂ ਕਿਹਾ ਕਿ ਏ ਆਈ ਸੀ ਸੀ ਟੀ ਯੂ ਦੇ ਦਿਸ਼ਾ-ਨਿਰਦੇਸ਼ਾਂ ਵਿੱਚ ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ ਤੀਸਰੇ ਵਿਕਲਪ ਵਜੋਂ ਬਹੁਤ ਤੇਜ਼ੀ ਨਾਲ ਉੱਭਰ ਰਿਹਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਭਾਰਤੀ ਰੇਲਵੇ ਦੇ ਲੱਖਾਂ-ਲੱਖ ਕਰਮਚਾਰੀ ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ 'ਤੇ ਭਰੋਸਾ ਕਰ ਰਹੇ ਹਨ, ਅਤੇ ਇਸ ਭਰੋਸੇ ਨੂੰ ਬਰਕਰਾਰ ਰੱਖਦਿਆਂ IREF ਕਰਮਚਾਰੀਆਂ ਦੇ ਹਿੱਤਾਂ ਅਤੇ ਅਧਿਕਾਰਾਂ ਲਈ ਮੋਹਰੀ ਪੱਧਰ 'ਤੇ ਕੰਮ ਕਰੇਗਾ। ਉਨ੍ਹਾਂ ਨੇ ਆਈ ਆਰ ਈ ਐੱਫ ਦੇ ਵਿਸਥਾਰ ਲਈ ਹਰੇਕ ਰਾਜ ਤੋਂ ਏ ਆਈ ਸੀ ਸੀ ਟੀ ਯੂ ਦੇ ਸਰਗਰਮ ਸਾਥੀਆਂ ਨੂੰ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਤਿਆਰ ਰਹਿਣ ਦਾ ਸੱਦਾ ਵੀ ਦਿੱਤਾ।

# ਨਰੇਗਾ ਕਾਮਿਆਂ ਨੂੰ ਤਿੰਨ ਮਹੀਨੇ ਤੋਂ ਨਹੀਂ ਮਿਲੀ ਮਜ਼ਦੂਰੀ - ਕਸ਼ਮੀਰ ਸਿੰਘ ਪੰਨੂ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ )**-ਬੀਕੇਯੂ ਦੁਆਬਾ ਬਲਾਕ ਮਹਿਤਪੁਰ ਵਲੋਂ ਕਸ਼ਮੀਰ ਸਿੰਘ ਪੰਨੂ ਦੀ ਅਗਵਾਈ ਹੇਠ ਵਫ਼ਦ ਬੀ ਡੀ ਪੀ ਓ ਸਹਿਬ ਮੇਜ਼ਰ ਸਿੰਘ ਧਾਲੀਵਾਲ ਨੂੰ ਚਾਰਜ ਸੰਭਾਲਣ ਮੌਕੇ ਮਿਲਿਆ ਵਫ਼ਦ ਵੱਲੋਂ ਉਹਨਾਂ ਜੀ ਆਇਆਂ ਦੀ ਰਸਮ ਨਿਭਾਉਣ ਤੋਂ ਬਾਅਦ ਬੀ ਡੀ ਪੀ ਓ ਤੋਂ ਮੰਗ ਕੀਤੀ ਕਿ ਨਰੇਗਾ ਕਾਮਿਆਂ ਨੂੰ 3 ਮਹੀਨੇ ਤੋਂ ਕੀਤੇ ਕੰਮ ਦੀ ਮਜਦੂਰੀ ਨਾਂ ਮਿਲਨਾ ਸਰਕਾਰ ਦੀ ਬਹੁਤ ਵੱਡੀ ਨਲਾਇਕੀ ਹੈ ਵਫ਼ਦ ਨੇ ਆਖਿਆ ਕਿ ਗਰੀਬ ਲੋਕ ਮਹਿਨਤ ਮਜਦੂਰੀ ਕਰਕੇ ਆਪਣੇ ਪਰਿਵਾਰ ਨੂੰ ਪਾਲਦੇ ਹਨ ਇਸ ਲਈ ਸਰਕਾਰ ਗਰੀਬ ਮਜ਼ਦੂਰਾ ਕੀਤੇ ਹੋਏ ਕੰਮ ਦੀ ਰਕਮ ਤਰੁੰਤ ਰਲੀਜ ਕਰੇ ਇਸ ਮੌਕੇ ਬੀ ਡੀ ਪੀ ਓ ਵੱਲੋਂ



ਵਫ਼ਦ ਦੱਸਿਆ ਗਿਆ ਕਿ ਸਰਕਾਰ ਵੱਲੋਂ ਮਜ਼ਦੂਰਾ ਵੱਲੋਂ ਕੀਤੇ ਕੰਮਾਂ ਦੀ ਰਾਸ਼ੀ ਨਹੀਂ ਭੇਜੀ ਜਦੋਂ ਆਵੇਗੀ ਰਲੀਜ ਕਰ ਦਿੱਤੀ ਜਾਵੇਗੀ। ਨਰੇਗਾ ਕਾਮਿਆਂ ਦੀ ਰਾਸ਼ੀ ਲੇਟ ਕਰਨ ਤੇ ਵਫ਼ਦ ਨੇ ਸਰਕਾਰ ਦੀ ਤਿੱਖੀ ਅਲੋਚਨਾਂ ਕਰਦੇ ਇਸ ਨੂੰ ਸਰਕਾਰ ਦੀ ਵੱਡੀ ਨਾਕਾਮੀ ਦੱਸਿਆ । ਇਸ ਮੌਕੇ ਵਫ਼ਦ ਤਹਿਸੀਲਦਾਰ ਮਹਿਤਪੁਰ ਨੂੰ ਵੀ ਮਿਲਿਆ ਤੇ ਮੰਗ ਕੀਤੀ ਕਿ ਸਰਵੇ ਕਰਕੇ ਲਾਲ ਲਕੀਰ ਦੇ ਮਕਾਨ ਦੀਆਂ ਪਾਰਦਰਸ਼ੀ ਢੰਗ ਨਾਲ ਲੋਕਾਂ ਦੇ ਨਾਮ ਤੇ ਰਜਿਸਟਰੀਆਂ ਕੀਤੀਆਂ ਜਾਣ ਮੌਕੇ ਤੇ ਕਸ਼ਮੀਰ ਸਿੰਘ ਪੰਨੂ , ਨਰਿੰਦਰ ਸਿੰਘ ਉਧੋਵਾਲ, ਬਲਵੀਰ ਸਿੰਘ ਉਧੋਵਾਲ, ਭਜਨ ਸਿੰਘ ਆਦਿ ਹਾਜ਼ਰ ਸਨ।

# ਨੱਕ, ਕੰਨ ਤੇ ਗਲੇ ਦੇ ਮੁਫ਼ਤ ਜਾਂਚ ਕੈਂਪ ਦਾ ਵੱਡੀ ਗਿਣਤੀ ਵਿਚ ਲੋਕਾਂ ਨੇ ਲਾਹਾ



**ਕਪੂਰਥਲਾ ( ਕੌੜਾ )**-ਕਪੂਰਥਲਾ ਹਸਪਤਾਲ ਤੇ ਨਰਸਿੰਗ ਹੋਮ ਵਲੋਂ ਰੋਟਰੀ ਕਲੱਬ ਕਪੂਰਥਲਾ ਇਲੀਟ ਦੇ ਸਹਿਯੋਗ ਨਾਲ ਨੱਕ, ਕੰਨ ਤੇ ਗਲੇ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ । ਕੈਂਪ ਦੌਰਾਨ ਮਾਹਿਰ ਡਾ. ਸਰਬਜੀਤ ਸਿੰਘ, ਅਰਜੁਨ ਸਿੰਘ ਤੇ ਡਾ. ਸਤੂਤੀ ਨੇ ਲੋੜਵੰਦ ਮਰੀਜ਼ਾਂ ਦੀ ਆਧੁਨਿਕ ਤਕਨੀਕ ਤੇ ਕੈਮਰਿਆਂ ਵਾਲੀਆਂ ਮਸ਼ੀਨਾਂ ਨਾਲ ਜਾਂਚ ਕੀਤੀ ਤੇ ਲੋੜਵੰਦ ਮਰੀਜ਼ਾ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ । ਕਲੱਬ ਦੇ ਪ੍ਰਧਾਨ ਅੰਕੁਰ ਵਾਲੀਆ, ਸਕੱਤਰ ਸਿਮਰਨਪ੍ਰੀਤ ਸਿੰਘ ਨੇ ਕਿਹਾ ਕਿ ਕਲੱਬ ਵਲੋਂ ਸਮਾਜ ਸੇਵਾ ਦੇ ਕਾਰਜਾਂ ਨੂੰ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ ਤੇ ਆਉਂਦੇ ਦਿਨਾਂ ਦੌਰਾਨ ਵੀ ਮੈਡੀਕਲ ਕੈਂਪ ਤੇ ਖ਼ੂਨਦਾਨ ਕੈਂਪ ਲੋੜਵੰਦਾਂ ਦੀ ਮਦਦ ਲਈ ਲਗਾਏ ਜਾਣਗੇ । ਇਸ ਮੌਕੇ ਸੁਕੇਸ਼ ਜੋਸ਼ੀ, ਅਮਰਜੀਤ ਸਿੰਘ ਸਡਾਨਾ ਰਾਹੁਲ ਆਨੰਦ, ਕੰਵਲਪ੍ਰੀਤ ਸਿੰਘ ਕੌੜਾ ਤੇ ਹੋਰ ਹਾਜ਼ਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਰਣਜੀਤ ਕੌਰ ਸਵੀ ਨਾ.ਲ ਰੂਬਰੂ ਸਮਾਗਮ ਯਾਦਗਾਰੀ ਹੋ ਨਿੱਬੜਿਆ : ਕਰਮ ਸਿੰਘ ਜ਼ਖ਼ਮੀ



**ਭਵਾਨੀਗੜ੍ਹ (ਰਮੇਸ਼ਵਰ ਸਿੰਘ)** ਸਾਹਿਤ ਸਿਰਜਣਾ ਮੰਚ, ਭਵਾਨੀਗੜ੍ਹ ਵੱਲੋਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ (ਕੁੜੀਆਂ) ਕਾਕੜਾ ਰੋਡ ਭਵਾਨੀਗੜ੍ਹ ਵਿਖੇ ਰਣਜੀਤ ਕੌਰ ਸਵੀ ਨਾਲ ਰੂਬਰੂ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਮਾਲਵਾ ਲਿਖਾਰੀ ਸਭਾ ਸੰਗਰੂਰ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਨੇ ਕੀਤੀ। ਰਣਜੀਤ ਕੌਰ ਸਵੀ ਨੇ ਆਪਣੇ ਕਾਵਿ ਸੰਗ੍ਰਹਿ ਰਮਜ਼ਾਂ, ਇੱਕ ਕਹਾਣੀ ਸੰਗ੍ਰਹਿ ਸਰਹੱਦੋਂ ਪਾਰ ਚਾਰ ਕਿਲੋਮੀਟਰ, ਦੋ ਸਾਂਝੇ ਕਾਵਿ ਸੰਗ੍ਰਹਿ ਕਲਮਕਾਰ ਅਤੇ ਸਾਜ਼ਗਾਰ ਨਾ.ਲ ਪੰਜਾਬੀ ਮਾਂ ਬੋਲੀ ਦੀ ਸੇਵਾ ਕੀਤੀ ਹੈ ਅਤੇ ਅੱਗੇ ਵੀ ਸਾਹਿਤਿਕ ਸਫਰ ਨਿਰੰਤਰ ਜਾਰੀ ਹੈ। ਪੰਜਾਬੀ ਮਾਂ ਬੋਲੀ ਦੀ ਲਾਡਲੀ ਸ਼ਾਇਰਾ ਨੇ ਰੂਬਰੂ ਸਮਾਗਮ ਦੌਰਾਨ ਆਪਣੇ ਜੀਵਨ ਅਤੇ ਲਿਖਣ ਸ਼ੈਲੀ ਤੇ ਵਿਸਥਾਰ ਵਿੱਚ ਚਾਨਣਾ ਪਾਇਆ। ਸਾਹਿਤ ਸਿਰਜਣਾ ਸਬੰਧੀ ਸੰਦੀਪ ਸਿੰਘ ਬਖੋਪੀਰ ਅਤੇ ਬਹਾਦਰ ਸਿੰਘ ਧੌਲਾ ਆਦਿ ਕਵੀਆਂ ਨੇ ਸਵਾਲ ਜਵਾਬ ਵੀ ਕੀਤੇ। ਇਸ ਸਮਾਗਮ ਵਿੱਚ ਪੰਜਾਬ ਦੇ ਉੱਘੇ ਲੋਕ ਗਾਇਕ ਗੋਲਡੀ ਬਾਵਾ ਜੀ ਵੀ ਪੁਰਤਗਾਲ ਤੋਂ ਉਚੇਚੇ ਤੌਰ ਤੇ ਆਪਣੇ ਸਾਥੀਆਂ ਰਾਜਿੰਦਰ ਚੋਪੜਾ ਅਤੇ ਅਨਮੋਲ ਆਸੀਜਾ ਸਮੇਤ ਪਹੁੰਚੇ ਅਤੇ ਆਪਣੇ ਚੋਣਵੇਂ ਗੀਤਾਂ ਨਾਲ ਹਾਜ਼ਰੀ ਲਵਾਈ। ਰੂਬਰੂ ਪ੍ਰੋਗਰਾਮ ਦੌਰਾਨ ਖੁੱਲ੍ਹਾ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿੱਚ ਹਰਵੀਰ ਸਿੰਘ ਬਾਗੀ ਸਰਬਜੀਤ ਸੰਗਰੂਰਵੀ, ਕਮਲਜੀਤ ਸਿੰਘ, ਚਰਨਜੀਤ ਪਟਵਾਰੀ, ਪਵਨ ਕੁਮਾਰ ਹੋਸੀ, ਗੁਰਮੁਖ ਸਿੰਘ ਦਿਲਬਰ, ਬਲਜਿੰਦਰ ਬੱਲੀ ਈਲਵਾਲ, ਗੁਰਜੰਟ ਬੀਂਬੜ ,ਬਲਜਿੰਦਰ ਸਿੰਘ ਬਾਲੀ ਰੇਤਗੜ੍ਹ, ਸਹਿਜਪ੍ਰੀਤ ਸਿੰਘ, ਕਰਨੈਲ ਸਿੰਘ ਬੀਂਬੜ, ਜਗਮੀਤ ਕੌਰ, ਸੁਖਵਿੰਦਰ ਸਿੰਘ, ਗੁਰਦੀਪ ਸਿੰਘ, ਮਨਜੀਤ ਕੌਰ ਸੰਧੂ, ਪੰਮੀ ਫੱਗੂਵਾਲੀਆ, ਜਗਤਾਰ ਨਿਮਾਣਾ, ਸੁਖਵਿੰਦਰ ਲੋਟੇ, ਪੇਂਟਰ ਸੁਖਦੇਵ ਧੂਰੀ, ਬਲਜੀਤ ਸਿੰਘ ਬਾਂਸਲ ਵਰਗੇ ਪ੍ਰਪੱਕ ਸ਼ਾਇਰਾਂ ਨੇ ਆਪਣੀਆਂ ਸੱਜਰੀਆਂ ਰਚਨਾਵਾਂ ਨਾਲ ਰੰਗ ਬੰਨ੍ਹੀ ਰੱਖਿਆ। ਮੰਚ ਸੰਚਾਲਨ ਸਸ਼ੀ ਬਾਲਾ ਵੱਲੋਂ ਬਾਖੂਬੀ ਕੀਤਾ ਗਿਆ।

# ਪੜ੍ਹੇ ਲਿਖੇ ਵਰਗ ਨੂੰ ਅਣਦੇਖਾ ਕਰਨਾ ਸਰਕਾਰ ਦੀ ਨਲਾਇਕੀ ਨਹੀਂ ਤਾਂ ਹੋਰ ਕੀ ਹੈ ? ਪ੍ਰਧਾਨ ਜਸਕਰਨ ਸਿੰਘ ਮੋਰਾਂਵਾਲੀ

**ਸਿੱਖਿਆ ਵਿਭਾਗ ਨੂੰ ਟੀਚਰਾਂ ਪ੍ਰਤੀ ਸੁਹਿਰਦਤਾ ਦਿਖਾਉਣ ਦੀ ਲੋੜ**

**ਭਲੂਰ/ਬੇਅੰਤ ਗਿੱਲ**

ਪੰਜਾਬ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਦੇ ਖਿਲਾਫ ਸਮੁੱਚਾ ਪੰਜਾਬ ਇਕਮੁੱਠ ਹੋ ਕੇ ਖੜ੍ਹਾ ਹੈ। ਪੰਜਾਬ ਦਾ ਮੁੱਖ ਮੰਤਰੀ ਕਿਸਾਨਾਂ ਨਾਲ ਜਿਸ ਤਰ੍ਹਾਂ ਮਜ਼ਾਕੀਆ ਲਹਿਜ਼ੇ ਨਾਲ ਪੇਸ਼ ਆਉਂਦਿਆਂ ਬਿਆਨਬਾਜ਼ੀ ਕਰਦਾ ਹੈ, ਉਹ ਇਕ ਅਹੁਦੇ ਦੀ ਮਾਣ ਮਰਿਆਦਾ ਦਾ ਮਲੀਆਮੇਟ ਕਰ ਰਿਹਾ ਹੈ। ਕਿਸਾਨ ਦੇਸ਼ ਦਾ ਅੰਨਦਾਤਾ ਕਹਾਉਣ ਵਾਲਾ ਵੱਡਾ ਸਤਿਕਾਰਤ ਨਾਂਅ ਹੈ। ਕਿਸਾਨਾਂ ਅਤੇ ਮਜ਼ਦੂਰਾਂ ਦੀ ਮਿਹਨਤ ਨੂੰ ਦੇਸ਼ ਕਦੇ ਅੱਖੋਂ ਪਰੋਖੇ ਨਹੀਂ ਕਰ ਸਕਦਾ। ਕਿਸਾਨਾਂ ਦੀਆਂ ਹੱਕੀ ਮੰਗਾਂ ਪ੍ਰਤੀ ਸਰਕਾਰ ਨੂੰ ਸੁਹਿਰਦਤਾ ਨਾਲ ਸੋਚਣਾ ਪਵੇਗਾ। ਇਹ ਸ਼ਬਦ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਫਰੀਦਕੋਟ ਤੋਂ ਜ਼ਿਲ੍ਹਾ ਪ੍ਰਧਾਨ ਸਰਦਾਰ ਜਸਕਰਨ ਸਿੰਘ ਜੱਸਾ ਮੋਰਾਂਵਾਲੀ ਨੇ ਇਹਨਾਂ ਸਤਰਾਂ ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਲਿਆਂਦੀ ਗਈ ਨਵੀਂ ਲੈਂਡ ਪੂਲਿੰਗ ਪਾਲਿਸੀ ਤਹਿਤ ਪੰਜਾਬ ਦੀਆਂ ਸ਼ਰੇਆਮ ਜ਼ਮੀਨਾਂ ਹੜੱਪਣ ਦਾ ਰਾਹ ਤਿਆਰ ਕੀਤਾ ਹੈ। ਕੇਂਦਰ ਦੀ ਸਰਕਾਰ ਨਾਲ ਮਿਲੀਭੁਗਤ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਪੰਜਾਬ ਦੀਆਂ ਜ਼ਮੀਨਾਂ ਦੇ ਮਾਲਕ ਬਣਾਉਣ ਲਈ ਪੰਜਾਬ ਸਰਕਾਰ ਮਾੜੀਆਂ ਨੀਤੀਆਂ 'ਤੇ ਉਤਰ ਤੁਰੀ ਹੈ। ਇਸੇ ਕਰਕੇ ਮੁੱਖ ਮੰਤਰੀ ਲੋਕਾਂ ਨੂੰ ਕਿਸਾਨ ਯੂਨੀਅਨਾਂ ਦੇ ਖਿਲਾਫ ਭੜਕਾਉਣ ਲਈ ਬਿਆਨਬਾਜ਼ੀ ਕਰਦਾ ਹੈ, ਪਰ ਇਹ ਸਭ ਕੁਝ ਲੋਕ ਭਲੀਭਾਂਤ ਜਾਣਦੇ ਹਨ ਕਿ ਲੋਕਾਂ ਦਾ ਏਕਾ ਤੋੜਨ ਲਈ ਸਿਆਸੀ ਚਲਾਕੀਆਂ ਦੀ ਖੇਡ ਖੇਡੀ ਜਾ ਰਹੀ ਹੈ। ਮੁੱਖ ਮੰਤਰੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦੀ ਮਿੱਟੀ ਨਾਲ ਧੋਖਾ ਕਰਕੇ ਰਾਜ ਨਹੀਂ ਹੋਣਾ, ਸੱਤਿਆਨਾਸ਼ ਹੋਵੇਗਾ। ਜ਼ਿਲ੍ਹਾ ਪ੍ਰਧਾਨ ਜਸਕਰਨ ਸਿੰਘ ਮੋਰਾਂਵਾਲੀ ਨੇ ਅੱਗੇ ਕਿਹਾ ਕਿ ਸਰਕਾਰ ਪੜ੍ਹੇ ਲਿਖੇ ਵਰਗ ਨਾਲ ਵੀ ਇੱਟ ਕੁੱਤੇ



ਵਾਲਾ ਵੈਰ ਪਾਈ ਬੈਠੀ ਹੈ। ਟੀਚਰਜ਼ ਯੂਨੀਅਨਾਂ ਵੱਡੇ ਪੱਧਰ 'ਤੇ ਸੰਘਰਸ਼ ਕਰ ਰਹੀਆਂ ਹਨ। ਹੈੱਡਮਾਸਟਰਾਂ ਅਤੇ ਹੋਰ ਟੀਚਰਾਂ ਪ੍ਰਤੀ ਸਰਕਾਰ ਅਤੇ ਸਿੱਖਿਆ ਵਿਭਾਗ ਦੀ ਅਣਦੇਖੀ ਸਾਰੇ ਸਿਸਟਮ ਨੂੰ ਸ਼ਰਮਸ਼ਾਰ ਕਰਦੀ ਹੈ। ਜਿਸ ਧਰਤੀ 'ਤੇ ਮਿਹਨਤੀ, ਕਿਰਤੀ ਅਤੇ ਪੜ੍ਹੇ- ਲਿਖੇ ਨੌਜਵਾਨਾਂ ਨਾਲ ਅਨਿਆ ਹੁੰਦਾ ਹੋਵੇ, ਉੱਥੇ ਕਿਹੜਾ ਵਿਕਾਸ ਹੋਣ ਦੀਆਂ ਟਾਹਰਾਂ ਮਾਰੀਆਂ ਜਾ ਸਕਦੀਆਂ ? ਉੱਥੇ ਕਿਹੜੀ ਤਰੱਕੀ ਤੇ ਖੁਸ਼ਹਾਲੀ ਦੀ ਗੱਲ ਕੀਤੀ ਜਾ ਸਕਦੀ ਹੈ ? ਪ੍ਰਧਾਨ ਜੱਸਾ ਮੋਰਾਂਵਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਪੰਜਾਬ ਪ੍ਰਤੀ ਸੁਹਿਰਦਤਾ ਨਾਲ ਕੰਮ ਕਰਨ ਦੀ ਲੋੜ ਹੈ। ਪੰਜਾਬ ਨੂੰ ਉਜਾੜਕੇ ਦਿੱਲੀ ਦੇ ਸਿਰ 'ਤੇ ਰਾਜ ਨਹੀਂ ਹੋਣਾ। ਪੰਜਾਬ ਦੇ ਕਿਸਾਨ, ਜਵਾਨ ਤੇ ਮਜ਼ਦੂਰ ਨੂੰ ਖੁਸ਼ਹਾਲ ਰੱਖ ਕੇ ਹੀ ਪੰਜਾਬ ਦੇ ਅਹੁਦਿਆਂ ਦਾ ਆਨੰਦ ਮਾਣਿਆ ਜਾ ਸਕਦਾ ਹੈ। ਇਸ ਲਈ ਪੰਜਾਬ ਸਰਕਾਰ ਨੂੰ ਪੰਜਾਬ ਵੱਲ ਪਿੱਠ ਨਹੀਂ ਮੂੰਹ ਕਰਕੇ ਚੱਲਣ ਦੀ ਲੋੜ ਹੈ।

# 5994 ਦੀਆਂ ਤਨਖਾਹਾਂ ਸਬੰਧੀ ਡੀ ਟੀ ਐੱਫ ਦਾ ਵਫ਼ਦ ਬੀ ਪੀ ਈ ਓ ਨੂੰ ਮਿਲਿਆ

**● ਪਿਛਲੇ ਚਾਰ ਮਹੀਨੇ ਤੋਂ ਨਵ ਨਿਯੁਕਤ ਅਧਿਆਪਕ ਤਨਖਾਹਾਂ ਤੋਂ ਵਾਂਝੇ ● ਅਧਿਆਪਕਾਂ ਦੇ ਪੈਡਿੰਗ ਕੰਮ ਪਹਿਲ ਦੇ ਆਧਾਰ ਤੇ ਕੀਤੇ ਜਾਣ ● ਡੀ ਟੀ ਐੱਫ ਬੀ ਪੀ ਈ ਓ ਦਫ਼ਤਰਾਂ ਅੰਦਰ ਭ੍ਰਿਸ਼ਟਾਚਾਰ ਦਾ ਬੋਲਬਾਲਾ – ਡੀ ਟੀ ਐੱਫ**



**ਕਪੂਰਥਲਾ (ਕੌੜਾ)–** ਡੈਮੋਕਰੇਟਿਕ ਟੀਚਰਜ਼ ਫਰੰਟ ਕਪੂਰਥਲਾ ਦਾ ਇੱਕ ਵਫ਼ਦ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਅੱਲੂਵਾਲ ਅਤੇ ਤਜਿੰਦਰ ਸਿੰਘ ਜਨਰਲ ਸਕੱਤਰ ਦੀ ਅਗਵਾਈ ਹੇਠ ਰਜੇਸ਼ ਕੁਮਾਰ ਬੀ ਪੀ ਈ ਓ ਕਪੂਰਥਲਾ 1 ਨੂੰ ਮਿਲਿਆ ਅਤੇ ਬੀ ਪੀ ਈ ਓ ਦਫ਼ਤਰਾਂ ਨਾਲ ਸਬੰਧਤ ਅਧਿਆਪਕਾਂ ਦੇ ਭਖਦੇ ਮਸਲੇ ਅਤੇ ਪੈਂਡਿੰਗ ਕੰਮਾਂ ਸਬੰਧੀ ਗੱਲਬਾਤ ਦੌਰਾਨ ਆਗੂਆਂ ਕਿਹਾ ਕਿ ਨਵ ਨਿਯੁਕਤ 5994 ਅਧਿਆਪਕਾਂ ਦੀਆਂ ਪਿਛਲੇ ਚਾਰ ਮਹੀਨੇ ਤੋਂ ਤਨਖਾਹਾਂ ਨਹੀਂ ਕਢਵਾਈਆਂ ਜਾ ਰਹੀਆਂ ਜਿਸ ਕਰਕੇ ਅਧਿਆਪਕਾਂ ਅੰਦਰ ਭਾਰੀ ਰੋਹ ਪਾਇਆ ਜਾ ਰਿਹਾ ਹੈ। ਸੰਬੰਧਿਤ ਅਧਿਆਪਕ ਤਨਖਾਹਾਂ ਸਬੰਧੀ ਬਾਰ ਬਾਰ ਦਫ਼ਤਰਾਂ ਦੇ ਚੱਕਰ ਕੱਟਦੇ ਹੋਏ ਪ੍ਰੇਸ਼ਾਨੀ ਦੇ ਆਲਮ ਵਿੱਚੋਂ ਗੁਜ਼ਰ ਰਹੇ ਹਨ। ਆਗੂਆਂ ਕਿਹਾ ਕਿ ਬੀ ਪੀ ਈ ਓ ਦਫ਼ਤਰਾਂ ਅੰਦਰ ਪੈਂਡਿੰਗ ਕੰਮ ਜਿਵੇਂ ਕਿ ਅਧਿਆਪਕਾਂ ਦੀਆਂ ਸੇਵਾਖ਼ਪੱਤਰੀਆਂ, ਅਧਿਆਪਕਾਂ ਦੀਆਂ ਵਿਦੇਸ਼ ਛੁੱਟੀਆਂ, ਸਕੂਲਾਂ ਦੇ ਬਿਜਲੀ ਦੇ ਬਿੱਲ, ਮੈਡੀਕਲ ਬਿੱਲ, ਜੀ ਪੀ ਐੱਫ, ਜੀ ਆਈ ਐੱਸ ਨਾਲ ਸਬੰਧਿਤ ਕੰਮਾਂ ਲਈ ਅਧਿਆਪਕਾਂ ਨੂੰ ਭਾਰੀ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਡੀ ਟੀ ਐੱਫ ਆਗੂਆਂ ਦੋਸ਼ ਲਗਾਇਆ ਕਿ ਬੀ ਪੀ ਈ ਓ ਦਫ਼ਤਰਾਂ ਅੰਦਰ ਅਧਿਆਪਕਾਂ ਦੇ ਕੰਮਾਂ ਲਈ ਕਥਿਤ ਤੌਰ ਤੇ ਭਰਿਸ਼ਟਾਚਾਰ ਦਾ ਬੋਲਬਾਲਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਸਬੰਧਤ ਕਰਮਚਾਰੀਆਂ ਨਾਲ ਭ੍ਰਿਸ਼ਟਾਚਾਰ ਕਰਦਾ ਪਾਇਆ ਗਿਆ ਤਾਂ, ਜਥੇਬੰਦੀ ਉਸ ਖਿਲਾਫ਼ ਸਖਤ ਐਕਸ਼ਨ ਲਵੇਗੀ। ਇਸ ਮੌਕੇ ਬੀ ਪੀ ਈ ਓ ਕਪੂਰਥਲਾ 1 ਵੱਲੋਂ ਆਗੂਆਂ ਨੂੰ ਵਿਸ਼ਵਾਸ਼ ਦਿਆਇਆ ਗਿਆ ਕਿ 5994 ਅਧਿਆਪਕਾਂ ਦੀ ਤਨਖਾਹ ਦੀ ਅਦਾਇਗੀ ਤੁਰੰਤ ਕਰਵਾਈ ਜਾਵੇਗੀ ਅਤੇ ਬੀ ਪੀ ਈ ਓ ਦਫ਼ਤਰ ਨਾਲ ਸਬੰਧਤ ਅਧਿਆਪਕਾਂ ਦੇ ਕੰਮ ਪਹਿਲ ਦੇ ਆਧਾਰ ਤੇ ਮੁਕੰਮਲ ਕੀਤੇ ਜਾਣਗੇ। ਇਸ ਮੌਕੇ ਡੀ ਟੀ ਐੱਫ ਆਗੂ ਪਵਨ ਕੁਮਾਰ ਜੋਸ਼ੀ, ਬਲਵਿੰਦਰ ਭੰਡਾਲ, ਜਸਵਿੰਦਰ ਸਿੰਘ, ਸੁਨੀਲ ਕੁਮਾਰ, ਅਮਨ ਅਲੌਦੀਪੁਰ, ਸੁਖਦੇਵ ਭੱਠੇ ਡੋਗਰਾਂਵਾਲ, ਮੈਡਮ ਅਰਪਨ, ਕੁਲਦੀਪ ਕੌਰ, ਸਿਮਰਨ ਕੌਰ ਤੋਂ ਇਲ–ਾਵਾ ਬਲਾਕ ਕਪੂਰਥਲਾ– 1, ਕਪੂਰਥਲਾ– 3 ਅਤੇ ਸੁਲਤਾਨਪੁਰ ਲੋਧੀ ਤੋਂ ਵੀ ਨਵ ਨਿਯੁਕਤ ਅਧਿਆਪਕ ਹਾਜ਼ਰ ਸਨ।

for more news visit:
www.samajweekly.com

# ਜਤਿੰਦਰਾ ਗਰੀਨਫੀਲਡ ਸਕੂਲ ਵਿਖੇ ਅੰਗਰੇਜ਼ੀ ਸਾਹਿਤਕ ਮੇਲਾ ਆਯੋਜਿਤ



**ਰਾਏਕੋਟ, ( ਗੁਰਭਿੰਦਰ ਗੁਰੀ) :** ਜਤਿੰਦਰਾ ਗਰੀਨਫੀਲਡ ਸਕੂਲ, ਗੁਰੂਸਰ ਸੁਧਾਰ ਵਿਖੇ ਅੰਗਰੇਜ਼ੀ ਸਾਹਿਤਕ ਮੇਲਾ ਆਯੋਜਿਤ ਕੀਤਾ ਗਿਆ, ਤਾਂ ਜੋ ਰਚਨਾਤਮਕਤਾ, ਪ੍ਰਗਟਾਵੇ ਅਤੇ ਅੰਗਰੇਜ਼ੀ ਭਾਸ਼ਾ ਪ੍ਰਤੀ ਪਿਆਰ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਇਸ ਸਮਾਗਮ ਨੂੰ ਤਿੰਨ ਸ਼੍ਰੇਣੀਆਂ, ਕਲਾਸਾਂ ਤੀਜੀ ਤੋਂ ਪੰਜਵੀਂ, ਛੇਵੀਂ ਤੋਂ ਅੱਠਵੀਂ, ਅਤੇ ਨੌਵੀਂ ਤੋਂ ਬਾਰ੍ਹਵੀਂ ,ਹਰੇਕ ਉਮਰ ਸਮੂਹ ਦੇ ਅਨੁਸਾਰ ਗਤੀਵਿਧੀਆ ਵਿੱਚ ਵੰਡਿਆ ਗਿਆ ਸੀ। ਤੀਜੀ ਤੋਂ ਪੰਜਵੀਂ ਜਮਾਤ ਲਈ, ਕਹਾਣੀ ਸੁਣਾਉਣ, ਤਸਵੀਰ ਵਰਣਨ, ਅਤੇ ਕਵਿਤਾ ਪਾਠ ਆਦਿ ਵਰਗੀਆਂ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ। ਇਨ੍ਹਾਂ ਸਮਾਗਮਾਂ ਨੇ ਵਿਦਿਆਰਥੀਆਂ ਨੂੰ ਬੋਲਣ ਵਿੱਚ ਵਿਸ਼ਵਾਸ ਪੈਦਾ ਕਰਨ ਵਿੱਚ ਮਦਦ ਕੀਤੀ ਅਤੇ ਉਨ੍ਹਾਂ ਦੀ ਸ਼ਬਦਾਵਲੀ ਵਿੱਚ ਸੁਧਾਰ ਕੀਤਾ।

ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਐਕਸਟੈਂਪੋਰ ਬੋਲਣ, ਪਾਤਰ ਨਾਟਕੀਕਰਨ ਅਤੇ ਰਚਨਾਤਮਕ ਲਿਖਣ ਵਰਗੀਆਂ ਗਤੀਵਿਧੀਆਂ ਵਿੱਚ ਹਿੱਸਾ ਲਿਆ। ਇਨ੍ਹਾਂ ਨੇ ਕਲਪਨਾ ਨੂੰ ਉਤਸ਼ਾਹਿਤ ਕੀਤਾ, ਸੋਚਣ ਦੇ ਹੁਨਰ ਨੂੰ ਤੇਜ਼ ਕੀਤਾ, ਅਤੇ ਉਨ੍ਹਾਂ ਨੂੰ ਸਾਹਿਤਕ ਵਿਸ਼ਿਆਂ ਅਤੇ ਸ਼ੈਲੀਆਂ ਦੀ ਪੜਚੋਲ ਕਰਨ ਦੀ ਆਗਿਆ ਦਿੱਤੀ। ਨੌਵੀਂ ਤੋਂ ਬਾਰਵੀਂ ਜਮਾਤ ਨੇ ਬਹਿਸ, ਸਲੈਮ ਕਵਿਤਾ, ਲੇਖ ਲਿਖਣ, ਅਤੇ ਕਲਾਸਿਕ ਅਤੇ ਆਧੁਨਿਕ ਨਾਟਕਾਂ ਤੋਂ ਨਾਟਕੀ ਪ੍ਰਦਰਸ਼ਨ ਵਰਗੇ ਉੱਨਤ ਗਤੀਵਿਧੀਆ ਵਿੱਚ ਹਿੱਸਾ ਲਿਆ। ਇਨ੍ਹਾਂ ਗਤੀਵਿਧੀਆਂ ਨੇ ਵਿਦਿਆਰਥੀਆਂ ਨੂੰ ਰਾਏ ਦੇਣ, ਸਾਹਿਤਕ ਗਿਆਨ ਪ੍ਰਦਰਸ਼ਿਤ ਕਰਨ ਅਤੇ ਸਟੇਜ 'ਤੇ ਮੌਜੂਦਗੀ ਦਾ ਪ੍ਰਦਰਸ਼ਨ ਕਰਨ ਲਈ ਇੱਕ ਪਲੇਟਫਾਰਮ ਦਿੱਤਾ। ਸਕੂਲ ਦੇ ਪ੍ਰਧਾਨ ਡਾ. ਐੱਚਐੱਸ ਧਾਲੀਵਾਲ, ਮੈਨੇਜਿੰਗ ਡਾਇਰੈਕਟਰ ਡਾ. ਮਨਪ੍ਰੀਤ ਕੌਰ ਧਾਲੀਵਾਲ ਅਤੇ ਪ੍ਰਿੰਸੀਪਲ, ਸ਼੍ਰੀ ਚੰਦਰ ਸ਼ੇਖਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਸਾਹਿਤਕ ਉਤਸਵ ਨੇ ਨਾ ਸਿਰਫ਼ ਵਿਦਿਆਰਥੀਆਂ ਦੇ ਸੰਚਾਰ ਹੁਨਰ ਨੂੰ ਨਿਖਾਰਿਆ, ਸਗੋਂ ਸਾਰੇ ਪੱਧਰਾਂ 'ਤੇ ਸਾਹਿਤ ਪ੍ਰਤੀ ਉਨ੍ਹਾਂ ਦੀ ਕਦਰ ਵੀ ਵਿਕਸਤ ਕੀਤੀ। ਜੇਤੂ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਅਤੇ ਇਨਾਮ ਦਿੱਤੇ ਗਏ।

# ਲੋੜਵੰਦ ਮਰੀਜ਼ਾਂ ਲਈ ਵਰਦਾਨ ਬਣਿਆ ਸ਼੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ:ਭਾਈ ਪ੍ਰੇਮ ਸਿੰਘ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਹਰਨਾਮ ਨਗਰ ਵਿਖੇ ਲੋੜਵੰਦ ਮਰੀਜ਼ਾਂ ਲਈ ਚੱਲ ਰਹੀਆਂ ਆਧਨਿਕ ਸਿਹਤ ਸੁਵਿਧਾਵਾਂ ਤੇ ਸਹੂਲਤਾਂ ਨੂੰ ਦੇਖਣ ਲਈ ਉਚੇਚੇ ਤੌਰ ਤੇ ਪੁੱਜੇ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਅਰਦਾਸੀਏ ਸਿੰਘ ਭਾਈ ਪ੍ਰੇਮ ਸਿੰਘ ਨੇ ਕਿਹਾ ਕਿ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਨਾਲ-ਨਾਲ ਮਨੁੱਖੀ ਸੇਵਾ ਕਾਰਜਾਂ ਵਿੱਚ ਵੀ ਆਪਣਾ ਵੱਡਮੁੱਲਾ ਯੋਗਦਾਨ ਪਾ ਰਿਹਾ ਲੁਧਿਆਣੇ ਸ਼ਹਿਰ ਦਾ ਪ੍ਰਮੁੱਖ ਧਾਰਮਿਕ ਅਸਥਾਨ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਹਰਨਾਮ ਨਗਰ ਦੀ ਪ੍ਰਬੰਧਕੀ ਕਮੇਟੀ ਦੀ ਸੁਹਿਰਦ ਸੋਚ ਵਾਲੀ ਅਗਵਾਈ ਹੇਠ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਚੱਲ ਰਿਹਾ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਇਲਾਕੇ ਦੇ ਲੋੜਵੰਦ ਮਰੀਜ਼ਾਂ ਲਈ ਵਰਦਾਨ ਬਣ ਚੁੱਕਾ ਹੈ।

ਇਸ ਦੌਰਾਨ ਉਨ੍ਹਾਂ ਨੇ ਸਮੁੱਚੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਮਨੁੱਖੀ ਸੇਵਾ ਕਾਰਜਾਂ ਦੀ ਲੜੀ ਤਹਿਤ ਚਲਾਏ ਜਾ ਰਹੇ ਸ਼੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਨੂੰ ਹੋਰ ਆਧੁਨਿਕ ਬਣਾਉਣ ਤੇ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਵਿੱਚ ਆਪਣੀ ਕਿਰਤ ਕਮਾਈ ਵਿੱਚੋਂ ਵੱਧ ਤੋਂ ਵੱਧ ਯੋਗਦਾਨ ਪਾਉਣ ਤਾਂ ਕਿ ਸੇਵਾ ਕਾਰਜਾਂ ਦੀ ਲੜੀ ਨਿਰੰਤਰ ਚੱਲਦੀ ਰਹੇ। ਇਸ ਮੌਕੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਹਰਨਾਮ ਨਗਰ ਨੇ ਮੁੱਖ ਸੇਵਾਦਾਰ ਸ੍: ਗੁਰਮੀਤ ਸਿੰਘ ਸਲੂਜਾ ਨੇ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਅਰਦਾਸੀਏ ਸਿੰਘ ਭਾਈ ਪ੍ਰੇਮ ਸਿੰਘ ਜੀ ਨੂੰ ਹਸਪਤਾਲ ਦਾ ਮ੍ ਅ ਾ ਿ ੲ ਨ ਾ ਕਰਵਾਉਂਦਿਆਂ ਹੋਇਆਂ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੱਤੀ ਕਿ ਆਉਣ ਵਾਲੇ ਸਮੇਂ ਵਿੱਚ ਹਸਪਤਾਲ ਅੰਦਰ ਇਲਾਜ ਕਰਵਾਉਣ ਲਈ ਆਉਣ ਵਾਲੇ ਮਰੀਜ਼ਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ ਹਸਪਤਾਲ ਦੇ ਆਰਥੋ ਡਿਪਾਰਟਮੈਂਟ ਲਈ ਨਵੀਂ ਐਕਸਰੇ ਮਸ਼ੀਨ ਵੀ ਸਥਾਪਿਤ ਕੀਤੀ ਜਾਵੇਗੀ ਅਤੇ ਸੰਗਤਾਂ ਨੂੰ ਸਾਰੀਆਂ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ-ਨਾਲ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਦਾ ਸਮੁੱਚੇ ਰੂਪ ਵਿੱਚ ਸੁੰਦਰੀਕਰਨ ਕਰਕੇ ਏ.ਸੀ. ਹਾਲ ਬਣਾਉਣ ਦਾ ਪ੍ਰੋਜੈਕਟ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਜਲਦੀ ਹੀ ਇਹ ਵੱਡਾ ਕਾਰਜ ਸੰਪੂਰਨ ਹੋ ਜਾਵੇਗਾ। ਇਸ ਦੌਰਾਨ ਉਨ੍ਹਾਂ ਦੇ ਨਾਲ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਬਲਦੇਵ ਸਿੰਘ, ਗੁਰ-ਚਰਨ ਸਿੰਘ ਚੰਨ ਸੀਨੀਅਰ ਮੀਤ ਪ੍ਰਧਾਨ, ਅਮਰਜੀਤ ਸਿੰਘ ਟੋਨੀ ਮੱਕੜ, ਕੁਲਵਿੰਦਰ ਸਿੰਘ ਲਾਡੀ, ਦਿਲਜੰਗ ਸਿੰਘ, ਅਮਰਜੀਤ ਸਿੰਘ ਪਰੂਥੀ, ਜਗਤਾਰ ਸਿੰਘ ਸੋਨੀ, ਮਹਿੰਦਰਪਾਲ ਸਿੰਘ ਗਲਹੋਤਰਾ, ਕੁਲਦੀਪ ਸਿੰਘ ਦੀਪਾ, ਭੁਪਿੰਦਰ ਸਿੰਘ ਸਲੂਜਾ, ਰਜਿੰਦਰ ਸਿੰਘ ਸਲੂਜਾ, ਸੁਰਿੰਦਰਪਾਲ ਸਿੰਘ ਜਸਬੀਰ ਸਿੰਘ ਜੇ ਸੰਨਜ਼, ਹਰਕ੍ਰਿਸ਼ਨ ਸਿੰਘ ਮੱਕੜ, ਹਰਮਨਦੀਪ ਸਿੰਘ, ਭੁਪਿੰਦਰ ਸਿੰਘ ਛਾਬੜਾ, ਕੰਵਲਜੀਤ ਸਿੰਘ ਛਾਬੜਾ, ਮਨੋਹਰ ਸਿੰਘ ਮੱਕੜ, ਮਹਿੰਦਰ ਸਿੰਘ ਕੰਡਾ, ਭਾਈ ਉਮਪ੍ਰੀਤ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ" ਪੁਸਤਕ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵਿਖੇ ਬਾਵਾ, ਦਿਓਲ, ਬਿੰਦਰ ਨੇ ਗੁਰਦੁਆਰਾ ਕਮੇਟੀ ਨਾਲ ਮਿਲ ਕੇ ਰਿਲੀਜ਼ ਕੀਤੀ

**ਇੰਡੋ ਕੈਨੇਡੀਅਨ ਸੀਨੀਅਰ ਸੋਸਾਇਟੀ ਸਰੀ ਡੈਲਟਾ ਵਿਖੇ ਸੀਨੀਅਰ ਸਿਟੀਜਨ ਨੂੰ ਮਿਲਣ ਲਈ ਪਹੁੰਚੇ ਬਾਵਾ**





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ" ਪੁਸਤਕ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ (ਕੈਨੇਡਾ) ਵਿਖੇ ਰਿਲੀਜ਼ ਕਰਨ ਦੀ ਰਸਮ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਨੂੰ ਪੁਸਤਕ ਭੇਂਟ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਬਾਬਾ ਬੰਦਾ ਸਿੰਘ ਬਹਾਦਰ ਚੈਰੀਟੇਬਲ ਟਰਸਟ ਦੇ ਟਰਸਟੀ ਹਰਬੰਤ ਸਿੰਘ ਦਿਓਲ (ਹੈਪੀ), ਬਿੰਦਰ ਗਰੇਵਾਲ (ਬੀਹਲਾ), ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਜਨਰਲ ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਸਮਾਜਸੇਵੀ ਗੁਰਮੇਲ ਸਿੰਘ ਢੁੱਡੀਕੇ, ਸ਼ਿੰਦੀ ਹਸਨਪੁਰ ਅਤੇ ਸੰਦੀਪ ਸਿੰਘ ਡੋਡ ਨੇ ਨਿਭਾਈ। ਇਸ ਸਮੇਂ ਸ਼੍ਰੀ ਬਾਵਾ ਨੇ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਐੱਸ.ਪੀ.ਸਿੰਘ. ਉਬਰਾਏ ਵੱਲੋਂ "ਸ਼ਬਦ ਪ੍ਰਕਾਸ਼ ਅਜਾਇਬ ਘਰ" ਲਈ ਤਿਆਰ ਕਰਵਾਈ ਬਿਲਡਿੰਗ ਜਿਸ ਵਿੱਚ 6 ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 4 ਗੁਰਸਿੱਖਾਂ ਦੇ ਚਿੱਤਰ ਗੁਰਬਾਣੀ ਸਮੇਤ ਸੁਸ਼ੋਭਿਤ ਹਨ। ਉਸ 'ਤੇ ਆਧਾਰਿਤ ਹੀ ਉਪਰੋਕਤ ਪੁਸਤਕ "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ" ਤਿਆਰ ਕੀਤੀ ਗਈ ਹੈ ਜੋ ਪਹਿਲਾਂ 2024 ਵਿੱਚ ਅਮਰੀਕਾ ਦੇ 11 ਗੁਰਦੁਆਰਾ ਸਾਹਿਬ ਵਿਖੇ ਰਿਲੀਜ਼ ਕੀਤੀ ਗਈ ਜੋ ਹਿੰਦੀ, ਪੰਜਾਬੀ, ਅੰਗਰੇਜ਼ੀ ਵਿੱਚ ਸੀ ਅਤੇ ਅੱਜ ਨਵੀਂ ਤਿਆਰ ਕੀਤੀ ਪੁਸਤਕ ਪੰਜਾਬੀ ਵਿੱਚ ਰਿਲੀਜ਼ ਕੀਤੀ ਗਈ ਜਿਸ ਦੇ ਲੇਖਕ ਉੱਘੇ ਸਿੱਖ ਵਿਦਵਾਨ ਅਨੁਰਾਗ ਸਿੰਘ ਹਨ ਜਦਕਿ ਫੋਟੋ ਚਿੱਤਰਕਾਰੀ ਪ੍ਰਸਿੱਧ ਆਰਟਿਸਟ ਆਰ.ਐਮ.ਸਿੰਘ ਨੇ ਕੀਤੀ ਹੈ। ਇਸ ਤੋਂ ਬਾਅਦ ਬਾਵਾ ਇੰਡੋ-ਕੈਨੇਡੀਅਨ ਸੀਨੀਅਰ ਸੋਸਾਇਟੀ ਸਰੀ ਡੈਲਟਾ ਪਹੁੰਚੇ ਜਿੱਥੇ ਸੀਨੀਅਰ ਸਿਟੀਜਨ ਨਾਲ ਵਿਚਾਰਾਂ ਕੀਤੀਆਂ ਤੇ ਉਪਰੋਕਤ ਪੁਸਤਕ ਭੇਂਟ ਕੀਤੀ। ਇਸ ਸਮੇਂ ਬਾਵਾ ਨੇ ਕਿਹਾ ਕਿ ਸੀਨੀਅਰ ਸਿਟੀਜਨ ਸਮਾਜ ਦਾ ਸਨਮਾਨਯੋਗ ਅੰਗ ਹਨ। ਉਹਨਾਂ ਦੀ ਜ਼ਿੰਦਗੀ ਦੇ ਤਜਰਬੇ ਦਾ ਫਾਇਦੇ ਸਮਾਜ ਅਤੇ ਪਰਿਵਾਰਾਂ ਨੂੰ ਉਠਾਉਣੇ ਚਾਹੀਦੇ ਹਨ ਕਿਉਂਕਿ ਹਰ ਮਾਂ ਬਾਪ ਆਪਣੀ ਜ਼ਿੰਦਗੀ ਦਾ ਹਰ ਪਲ ਆਪਣੀ ਔਲਾਦ ਦੀ ਬੇਹਤਰੀ ਤਰੱਕੀ (ਚੜ੍ਹਦੀ ਕਲਾ) ਲਈ ਲਗਾਉਂਦਾ ਹੈ। ਇਸ ਸਮੇਂ ਮਾਸਟਰ ਗੁਰਦਿਆਲ ਸਿੰਘ ਮੰਡਿਆਣੀ ਨੇ ਵੀ ਵਿਚਾਰ ਪੇਸ਼ ਕੀਤੇ।

# ਸ੍ਰੋਮਣੀ ਅਕਾਲੀ ਦਲ ਦੇ ਨਵ ਨਿਯੁਕਤ ਜਿਲਾ ਪ੍ਰਧਾਨ ਦਾ ਕੀਤਾ ਸਨਮਾਨ

**ਭੀਖੀ ( ਕਮਲ ਜਿੰਦਲ)** ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜੀ ਦੀ ਅਗਵਾਈ ਵਿੱਚ ਪਾਰਟੀ ਦੀ ਮੁੱਢਲੀ ਲੀਡਰਸ਼ਿਪ ਵੱਲੋ ਪੰਜਾਬ ਵਿੱਚ ਪਾਰਟੀ ਦੇ ਲਾਏ ਜਿਲਾ ਪ੍ਰਧਾਨ ਮਾਨਸਾ ਦਿਹਾਤੀ ਬਲਵੀਰ ਸਿੰਘ ਬੀਰੋਕੇ ਅਤੇ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਸੋਢੀ ਨੂੰ ਹਲਕਾ ਇੰਚਾਰਜ ਪ੍ਰੇਮ ਕੁਮਾਰ ਅਰੋੜਾ ਦੀ ਅਗਵਾਈ ਵਿੱਚ ਸਰਕਲ ਭੀਖੀ ਸ਼ਹਿਰੀ ਅਤੇ ਦਿਹਾਤੀ ਦੇ ਵਰਕਰ, ਆਗੂ ਸਾਹਿਬਾਨਾਂ ਅਤੇ ਸੰਸਥਾਵਾਂ ਵੱਲੋ ਗੁਰਦੁਆਰਾ ਪਾਤਸ਼ਾਹੀ ਨੌਵੀ ਵਿੱਚ ਸਮਾਗਮ ਰੱਖ ਕੇ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਦੋਵੇ ਜਿਲਾ ਪ੍ਰਧਾਨ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋ ਉਨਾਂ ਜਿਲੇ ਦੀ ਜਿੰਮੇਵਾਰੀ ਸੌਪੀ ਹੈ , ਜਿਸ ਤੇ ਆਪਣੀ ਜਿੰਮੇਵਾਰੀ ਨਿਭਾਉਂਦਿਆਂ ਪਾਰਟੀ ਦੀ ਚੜਦੀ ਕਲਾ ਲਈ ਆਪਣੇ ਯਤਨ ਜਾਰੀ ਰੱਖਾਗਾ । ਉਨਾਂ ਵੱਲੋ ਸਰਕਲ ਭੀਖੀ ਦੀ ਸਾਰੀ ਸੰਗਤ , ਸੰਸਥਾਵਾਂ ਦਾ ਧੰਨਵਾਦ



ਕਰਦਿਆ ਕਿਹਾ ਕਿ ਆਪਣੇ ਇਲਾਕੇ ਦੀ ਸੰਗਤ ਵੱਲੋ ਦਿੱਤਾ ਸਨਮਾਨ ਹਮੇਸ਼ਾ ਖਾਸ ਹੁੰਦਾ ਹੈ । ਜਿਸ ਨਾਲ ਹਮੇਸਾ ਹੌਸਲਾ ਵੱਧਦਾ ਹੈ ਤੇ ਕਾਰਜ ਕਰਨ ਲਈ ਨਵੀ ਊਰਚਾ ਮਿਲਦੀ ਹੈ । ਇਸ ਮੌਕੇ ਹਰਪ੍ਰੀਤ ਸਿੰਘ ਚਹਿਲ , ਹਰਦੇਵ ਸਿੰਘ , ਭੀਮ ਸੈਨ ਬਾਸਲ , ਆੜਤੀਆ ਭਾਈਚਾਰੇ ਸੁਰੇਸ ਕੁਮਾਰ , ਸੱਤਪਾਲ ਮੱਤੀ , ਸੁਖਦੀਪ ਸਿੰਘ , ਵਿਜੇ ਕੁਮਾਰ , ਨਰਿੰਦਰ ਸਿੰਘ ਮਿੱਤਲ , ਪ੍ਰਿਤਪਾਲ ਸ਼ਰਮਾ ਜੀ , ਬਲਜੀਤ ਸਿੰਘ ਅਤਲਾ , ਜਸਵੀਰ ਸਿੰਘ ਸਮਾਉ , ਬੀਬੀ ਕਰਮਜੀਤ ਸਿੰਘ , ਬੀਬੀ ਚਿੱਤਵੰਤ ਕੌਰ , ਬੀਬੀ ਗੋਲੋ ਕੌਰ , ਨਿਰਭੈ ਸਿੰਘ ਸਮਾਉ , ਅਮਰੀਕ ਸਿੰਘ ਖੀਵਾ , ਹਰਵਿੰਦਰ ਸਿੰਘ ਧਲੇਵਾਂ , ਸੁਖਵਿੰਦਰ ਸਿੰਘ ਸਰਪੰਚ ਧਲੇਵਾਂ , ਪ੍ਰਸੋਤਮ ਸਿੰਘ , ਗੁਰਇਕਬਾਲ ਸਿੰਘ ਬਾਲੀ , ਸੁਖਵਿੰਦਰ ਸਿੰਘ , ਬਾਬਾ ਗੋਰਾ ਸਿੰਘ , ਗੁਰਤੇਜ ਸਿੰਘ ਮੌਜੋ ਕਲਾ , ਕੁਲਵੰਤ ਸਿੰਘ ਹੀਰੋ , ਦਰਸਨ ਸਿੰਘ , ਜਗਦੇਵ ਸਿੰਘ , ਬਲਵਿੰਦਰ ਸਿੰਘ ਹੀਰੋ ਕਲਾ , ਹਰਵੀਰ ਸਿੰਘ ਜੱਸੜਵਾਲਾ , ਹਰਦੇਵ ਸਿੰਘ ਖੀਵਾ ਦਿਆਲੂਵਾਲਾ , ਸੀਰਾ ਕੋਟੜਾ , ਨੱਛਤਰ ਸਿੰਘ ਕੋਟੜਾ , ਜੀਵਨ ਕੁਮਾਰ , ਲੱਖਵਿੰਦਰ ਸਿੰਘ , ਮਲਕੀਤ ਸਿੰਘ ਬਾਬੇਕਾ , ਰਾਮ-ਪਾਲ , ਪਵਿੱਤਰ ਸਿੰਘ ਔਲਖ , ਕੁਲਸ਼ੇਰ ਸਿੰਘ ਰੂਬਲ ਆਦਿ ਹਾਜਰ ਸਨ ।

# ਮਿਹਨਤੀ ਤੇ ਇਮਾਨਦਾਰ : ਡਾ. ਨਿਮਿਸ਼ ਗੁਪਤਾ (ਐਸ. ਐਸ. ਬੀ. ਹਸਪਤਾਲ ਫਰੀਦਾਬਾਦ )

ਰਾਤ ਦੇ ਅੱਠ ਕੁ ਵੱਜੇ ਹੋਣਗੇ। ਸਿਆਲ ਦੀ ਠਰੀ ਹੋਈ ਰਾਤ ਸੀ। ਹਰ ਪਾਸੇ ਚੁੱਪ ਵਰਤੀ ਹੋਈ ਸੀ। ਨਾ ਕਿਸੇ ਦੇ ਹਾਏ ਬੂਅ ਕਰਨ ਦੀ ਅਤੇ ਨਾ ਕਿਸੇ ਦੇ ਰੋਣ ਕੁਰਲਾਉਣ ਦੀ ਆਵਾਜ਼ ਆ ਰਹੀ ਸੀ। ਲੋਕ ਚਾਦਰਾਂ ਦੀ ਬੁੱਕਲ ਮਾਰੀ ਕੁਰਸੀਆਂ ਤੇ ਆਰਾਮ ਨਾਲ ਬੈਠੇ ਸਨ। ਕੁਝ ਆਪਸ ਵਿੱਚ ਗੱਲਾਂ ਬਾਤਾਂ ਕਰ ਰਹੇ ਸਨ ਕੁਝ ਸੋਚਾਂ ਵਿੱਚ ਡੁੱਬੇ ਹੋਏ ਸਨ। ਉਹਨਾਂ ਕੋਲੋਂ ਲੰਘਦੇ ਲੋਕਾਂ ਦੇ ਪੈਰਾਂ ਦਾ ਖੜਾਕ ਜ਼ਰੂਰ ਕਦੇ ਕਦਾਈਂ ਸੁਣਾਈ ਦੇ ਰਿਹਾ ਸੀ। ਸਭ ਦਰਵਾਜੇ ਬੰਦ ਸਨ। ਬਾਹਰ ਅਸਮਾਨ ਉੱਤੇ ਅੰਧੇਰਾ ਛਾਇਆ ਹੋਇਆ ਸੀ। ਚੰਨ ਚੜ੍ਹਨ ਵਿੱਚ ਅਜੇ ਕੁਝ ਵਕਤ ਸੀ। ਇੱਕ ਲੰਮ ਸੁਲੰਮਾ ਨੌਜਵਾਨ ਜਿਸ ਦੇ ਅਸਮਾਨੀ ਰੰਗ ਦੇ ਕੱਪੜੇ ਪਾਏ ਹੋਏ ਸਨ ਅਤੇ ਗਲੇ ਵਿੱਚ ਸਟੈਥੋਸਕੋਪ ਪਾਇਆ ਹੋਇਆ ਸੀ ਦਰਵਾਜ਼ਾ ਖੜਕਾ ਕੇ ਅੰਦਰ ਆਉਂਦਾ ਹੈ। ਉਸ ਦੇ ਅੰਦਰ ਆਉਂਦਿਆਂ ਹੀ ਮਰੀਜ਼ਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ ਹੈ। ਇਹ ਨੌਜਵਾਨ ਕੋਈ ਨਰਸਿੰਗ ਸਟਾਫ਼ ਦਾ ਮੈਂਬਰ ਨਹੀਂ ਸੀ ਸਗੋਂ ਨੈਫਰੋਲੋਜੀ ਦਾ ਮਸ਼ਹੂਰ ਡਾਕਟਰ ਸੀ ਡਾ. ਨਿਮਿਸ਼ ਗੁਪਤਾ। ਇਸ ਗੋਰੇ ਨਿਛੋਹ ਨੌਜਵਾਨ ਨੇ ਹੁਣੇ ਹੁਣੇ ਇੱਕ ਹਸਪਤਾਲ ਨੂੰ ਅਲਵਿਦਾ ਕਹਿ ਕੇ ਐਸ. ਐਸ. ਬੀ. ਹਸਪਤਾਲ ਫਰੀਦਾਬਾਦ ਵਿਖੇ ਜੁਆਇੰਨ ਕਰ ਲਿਆ ਸੀ।

ਡਾ . ਨਿਮਿਸ਼ ਗੁਪਤਾ ਬਹੁਤ ਵਧੀਆ ਕਿਰਦਾਰ ਵਾਲੇ ਨੇਕ ਇਨਸਾਨ ਹਨ। ਉਹਨਾਂ ਦਾ ਸੁਭਾਅ ਬਹੁਤ ਨਰਮ ਹੈ ਪਰ ਰੁਤਬਾ ਬੜਾ ਉੱਚਾ ਹੈ। ਉਹਨਾਂ ਨੂੰ ਨਾ ਕੁਝ ਜਿਆਦਾ ਮਿਲਣ ਦੀ ਖ਼ੁਸ਼ੀ ਹੁੰਦੀ ਹੈ ਅਤੇ ਨਾ ਕੁਝ ਖੋ ਜਾਣ



ਦਾ ਗਮ। ਉਹਨਾਂ ਨੂੰ ਨਾ ਹੀ ਜ਼ਿਆਦਾ ਦੁਨਿਆਵੀ ਮੋਹ ਹੈ ਅਤੇ ਨਾ ਹੀ ਮਾਇਆ ਦਾ ਮੋਹ। ਮਹਿਜ਼ ਇਮਾਨਦਾਰੀ ਚ ਲਿਪਟਿਆ ਹੋਇਆ ਵਜੂਦ ਐ। ਜਿੰਨਾ ਉਹਨਾਂ ਦਾ ਇਖਲਾਕ ਉਚਾ ਹੈ ਉਨ੍ਹੇਂ ਹੀ ਉਹਨਾਂ ਦੇ ਆਦਰਸ਼ ਵੀ ਉੱਚੇ ਨੇ। ਇਸ ਸਾਦਗੀ ਵਿੱਚੋਂ ਹੀ ਉਹਨਾਂ ਦੀ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਝਲਕਦੀ ਹੈ। ਆਪਣੀ ਇਸ ਪ੍ਰਤਿਭਾ ਤੇ ਪ੍ਰਤੀਬੱਧਤਾ ਕਰਕੇ ਉਹ ਆਪਣੇ ਕਿਸੇ ਵੀ ਮਰੀਜ਼ ਨਾਲ ਲੰਮਾ ਸਮਾਂ ਗੁਫ਼ਤਗੂ ਕਰਦੇ ਰਹਿੰਦੇ ਹਨ। ਮਰੀਜ਼ ਨਵਾਂ ਹੋਵੇ ਜਾਂ ਪੁਰਾਣਾ। ਅਮੀਰ ਹੋਵੇ ਜਾਂ ਗਰੀਬ। ਕਿਸੇ ਨਾਲ ਕੋਈ ਭੇਦ ਭਾਵ ਨਹੀਂ। ਜਦੋਂ ਤੱਕ ਮਰੀਜ਼ ਦੇ ਸਾਰੇ ਸ਼ੰਕਾ ਦੂਰ ਨਹੀਂ ਹੋ ਜਾਂਦੇ ਉਹ ਮਰੀਜ਼ ਦੀ ਸ਼ੰਕਾ ਨਵਿਰਤੀ ਲਈ ਗੱਲਬਾਤ ਕਰਦੇ ਰਹਿੰਦੇ ਹਨ। ਜੋ ਮਰੀਜ਼ ਉਹਨਾਂ ਕੋਲ ਇੱਕ ਵਾਰ ਆ ਗਿਆ ਉਹ ਉਹਨਾਂ ਦਾ ਮੁਰੀਦ ਬਣ ਜਾਂਦਾ ਹੈ। ਜਦੋਂ ਤੋਂ ਡਾ. ਮਨੀਸ਼ ਗੁਪਤਾ ਐਸ. ਐਸ. ਬੀ. ਹਸਪਤਾਲ ਫਰੀਦਾਬਾਦ ਵਿਖੇ ਆਏ ਹਨ ਮਰੀਜ਼ਾਂ ਦੀ ਗਿਣਤੀ ਬਹੁਤ ਜ਼ਿਆਦਾ ਰਫ਼ਤਾਰ ਨਾਲ ਵੱਧ ਰਹੀ ਹੈ। ਇੰਟਰਨੈਸ਼ਨਲ ਮਰੀਜ਼ ਬਹੁਤ ਸੰਖਿਆ ਵਿੱਚ ਆ ਰਹੇ ਹਨ। ਅੱਜ ਕੱਲ ਓ ਪੀ ਡੀ ਐਨੀ ਜ਼ਿਆਦਾ ਹੈ ਉਹਨਾਂ ਕੋਲ ਰੋਟੀ ਖਾਣ ਦਾ ਵੀ ਵਕਤ ਨਹੀਂ ਹੁੰਦਾ। ਕਈ ਵਾਰੀ ਤਾਂ ਰੋਟੀ ਵਾਪਸ ਘਰ ਚਲੀ ਜਾਂਦੀ ਹੈ। ਸਾਰਾ ਦਿਨ ਭੁੱਖੇ ਰਹਿ ਕੇ ਕੰਮ ਕਰਦੇ ਰਹਿੰਦੇ ਹਨ। ਜਦੋਂ ਕਿ ਇਹ ਹਸਪਤਾਲ ਉਹਨਾਂ ਦਾ ਆਪਣਾ ਨਹੀਂ ਹੈ । ਪਰ ਫਿਰ ਵੀ ਉਹ ਆਪਣਾ ਹਸਪਤਾਲ ਸਮਝ ਕੇ ਜੀਅ ਜਾਨ ਨਾਲ ਮਿਹਨਤ ਕਰਦੇ ਹਨ। ਉਹਨਾਂ ਨੂੰ ਆਪਣੇ ਘਰ ਜਾਣ ਦੀ ਕੋਈ ਕਾਹਲ ਨਹੀਂ ਹੁੰਦੀ। ਉਹ ਆਪਣੇ ਸਾਰੇ ਮਰੀਜ਼ਾਂ ਨੂੰ ਮਿਲਣ ਤੋਂ ਬਾਅਦ ਹੀ ਉਹ ਘਰ ਜਾਣ ਦੀ ਸੋਚਦੇ ਹਨ। ਉਹ ਅਕਸਰ ਤਾਰਿਆਂ ਦੀ ਛਾਵੇਂ ਹੀ ਘਰ ਜਾਂਦੇ ਹਨ। ਸਵੇਰੇ ਫਿਰ ਜਲਦੀ ਹਸਪਤਾਲ ਪਹੁੰਚ ਜਾਂਦੇ ਹਨ। ਉਹਨਾਂ ਦੇ ਆਉਣ ਤੋਂ ਕਦੇ ਵੀ ਪਹਿਲਾਂ ਇਸ ਹਸਪਤਾਲ ਵਿੱਚ ਕਿਡਨੀ ਟਰਾਂਸਪਲਾਂਟ ਨਹੀਂ ਹੋਈ ਪਰ ਬਹੁਤ ਘੱਟ ਸਮੇਂ ਦੌਰਾਨ ਉਹਨਾਂ ਦੀ ਟੀਮ ਨੇ ਲੱਗਭਗ ਛੇ ਕਿਡਨੀ ਟਰਾਂਸਪਲਾਂਟ ਕਰ ਦਿੱਤੀ। ਉਹਨਾਂ ਦੇ ਓ ਪੀ ਡੀ ਸਮੇਂ ਦੌਰਾਨ ਡਾ . ਅਮਿਤ ਸ਼ਰਮਾ ਤੇ ਡਾ . ਗੁੰਜਨ ਸ਼ਰਮਾ ਵੀ ਮਰੀਜ਼ਾਂ ਨੂੰ ਦੇਖਦੇ ਹਨ। ਇਸ ਸਮੇਂ ਉਹਨਾਂ ਦਾ ਕੋਆਰਡੀਨੇਟਰ ਸੰਦੀਪ ਭਾਰਦਵਾਜ ਵੀ ਮਰੀਜ਼ਾਂ ਦੀ ਪੂਰੀ ਮੱਦਦ ਕਰਦਾ ਹੈ।

ਉਹਨਾਂ ਦੇ ਡਾਇਲਸਿਸ ਯੂਨਿਟ ਦੀ ਟੀਮ ਬਹੁਤ ਮਿਹਨਤੀ ਹੈ। ਯੂਨਿਟ ਇੰਚਾਰਜ਼ ਮਹੇਂਦਰ ਸਿੰਘ ਦੀ ਅਗਵਾਈ ਹੇਠ ਚੱਲਣ ਵਾਲੀ ਇਹ ਟੀਮ ਹਰ ਪੱਖੋਂ ਸਫ਼ਲ ਹੈ। ਮਹੇਂਦਰ ਸਿੰਘ ਆਪਣੇ ਕਿੱਤੇ ਪ੍ਰਤੀ ਬਹੁਤ ਸੰਵੇਦਨਸ਼ੀਲ ਅਤੇ ਵਫ਼ਾਦਾਰ ਹੈ। ਅਗਰ ਕਿਸੇ ਦਿਨ ਡਾ. ਨਿਤਿਸ਼ ਗੁਪਤਾ ਛੁੱਟੀ ਤੇ ਚਲੇ ਜਾਣ ਤਾਂ ਉਹ ਆਪਣੇ ਪੁਰਾਣੇ ਮਰੀਜ਼ਾਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੰਦਾ ਸਗੋਂ ਨੈਫਰੋਲੋਜੀ ਦੇ ਨਵੇਂ ਮਰੀਜ਼ਾਂ ਨੂੰ ਵੀ ਸੰਭਾਲ ਲੈਂਦਾ ਹੈ। ਡਾਇਲਸਿਸ ਯੂਨਿਟ ਤੇ ਉਸਦਾ ਪੂਰਾ ਕੰਟਰੋਲ ਹੁੰਦਾ ਹੈ। ਡਾਇਲਸਿਸ ਯੂਨਿਟ ਦੇ ਟੈਕਨੀਸ਼ੀਅਨ ਅਤੇ ਨਰਸਿੰਗ ਸਟਾਫ਼ ਉਸਦੀ ਬਹੁਤ ਇੱਜ਼ਤ ਕਰਦੇ ਹਨ। ਯੂਨਿਟ ਇੰਚਾਰਜ਼ ਮਹੇਂਦਰ ਸਿੰਘ ਦੀ ਨਿਰਦੇਸ਼ਨਾ ਹੇਠ ਚੱਲਣ ਵਾਲੇ ਪੈਰਾ ਮੈਡੀਕਲ ਸਟਾਫ਼ ਵਿੱਚ ਡਾਇਲਸਿਸ ਟੈਕਨੀਸ਼ੀਅਨ ਮੇਵਾ ਰਾਮ , ਮੁਕੇਸ਼ ਕੁਮਾਰ , ਜਤਿੰਦਰ ਕੁਮਾਰ ਜੀਤੂ , ਕੁਲਦੀਪ , ਅਮਰ ਚੰਦ , ਦਿਨੇਸ਼ ਕੁਮਾਰ , ਗੇਂਦਾ ਰਾਮ , ਨੀਸ਼ੂ ਰਾਣਾ , ਵਰਸ਼ਾ , ਚਰਨ , ਚੰਦਨ ਅਤੇ ਨਰਸਿੰਗ ਸਟਾਫ਼ ਵਿੱਚ ਨਿਸ਼ਾ ਅਤੇ ਮਨਪ੍ਰੀਤ ਕੌਰ ਮਰੀਜ਼ਾਂ ਪ੍ਰਤੀ ਪੂਰੀ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਆਪਣੀ ਡਿਊਟੀ ਨਿਭਾਉਂਦੇ ਹਨ। ਸਾਰੇ ਮਰੀਜ਼ ਉਹਨਾਂ ਦੇ ਸਹਿਣਸ਼ੀਲ ਅਤੇ ਹੱਸਮੁੱਖ ਸੁਭਾਅ ਕਰਕੇ ਸੰਤੁਸ਼ਟੀ ਜ਼ਾਹਰ ਕਰਦੇ ਹਨ। ਡਾ . ਨਿਮਿਸ਼ ਗੁਪਤਾ ਦੇ ਆਉਣ ਨਾਲ ਐਸ. ਐਸ. ਬੀ. ਹਸਪਤਾਲ ਦਾ ਨੈਫਰੋਲੋਜੀ ਵਿਭਾਗ ਬਹੁਤ ਤੇਜ਼ ਰਫ਼ਤਾਰ ਨਾਲ ਅੱਗੇ ਵੱਧ ਰਿਹਾ ਹੈ।

**ਰਿਪੋਰਟਰ**
**ਗੁਰਮੇਲ ਸਿੰਘ ਸਨੀ**
**ਰਾਹੀਂ --**
**ਮਾਸਟਰ ਪਰਮ ਵੇਦ**
**ਤਰਕਸ਼ੀਲ ਆਗੂ**
**ਸੰਗਰੂਰ 9417422349**

# ਸੂਦ ਜਠੇਰੇ ਪਿੰਡ ਕੁੱਕੜਾਂ ਵਿਖੇ 51 ਫੁੱਟ ਉੱਚਾ ਝੰਡਾ ਸ਼ਰਧਾ ਭਾਵਨਾ ਅਤੇ ਸ਼ਾਨੋ ਸ਼ੌਕਤ ਨਾਲ ਚੜਾਇਆ ਗਿਆ : ਸੂਦ ਵਿਰਕ



**ਹੁਸ਼ਿਆਰਪੁਰ / ਕੁੱਕੜਾਂ (ਤਰਸੇਮ ਦੀਵਾਨਾ )** ਸੂਦ ਜਠੇਰੇ ਪਿੰਡ ਕੁੱਕੜਾਂ ਵਿਖੇ 51 ਫੁੱਟ ਉੱਚਾ ਝੰਡਾ ਬੜੀ ਸ਼ਰਧਾ ਭਾਵਨਾ ਅਤੇ ਸਮੂਹ ਸੰਗਤਾਂ ਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਚੜਾਇਆ ਗਿਆ। ਇਸ ਮੌਕੇ ਸਵੇਰੇ ਚਾਹ ਪਕੌੜਿਆਂ ਦਾ ਲੰਗਰ ਅਤੇ ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ। ਇਸ ਸ਼ੁਭ ਮੌਕੇ ਸੂਦ ਜਠੇਰੇ ਪ੍ਰਬੰਧਕ ਕਮੇਟੀ ਰਜਿ: ਪਿੰਡ ਕੁੱਕੜਾਂ ਦੇ ਸਮੂਹ ਮੈਂਬਰ ਸਹਿਬਾਨ ਵੱਲੋਂ ਇਸ ਸ਼ੁਭ ਮੌਕੇ ਹਾਜ਼ਰੀ ਭਰਨ ਆਈਆਂ ਸਮੂਹ ਸੂਦ ਪਰਿਵਾਰ ਸੰਗਤਾਂ ਦਾ ਦਰਬਾਰ ਵਿਖੇ ਹੁੰਮ ਹੁੰਮਾਂ ਕੇ ਪਹੁੰਚਣ ਤੇ ਧੰਨਵਾਦ ਕੀਤਾ।

**ਫੋਟੋ ਅਜਮੇਰ ਦੀਵਾਨਾ**

# ਵਿਦਿਆਰਥੀਆਂ ਨੂੰ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਣੂ ਕਰਵਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਜੋਵਾਲ ਵਿਖੇ ਪ੍ਰਿੰਸੀਪਲ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਵਿਦਿਆਰਥੀਆਂ ਨੂੰ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਗਰੂਕ ਕਰਨ ਲਈ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਈਕੋ ਕਲੱਬ ਇੰਚਾਰਜ ਮੈਡਮ ਸੰਗੀਤਾ ਸੈਣੀ ਨੇ ਕਿਹਾ ਕਿ ਪਰਾਲੀ ਸਾੜਨ ਨਾਲ ਖੇਤਾਂ, ਮਨੁੱਖਾਂ, ਜਾਨਵਰਾਂ ਅਤੇ ਪੰਛੀਆਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਪਰਾਲੀ ਨੂੰ ਸਾੜਨ ਨਾਲ ਖੇਤੀ ਨਾਲ ਸਬੰਧਤ ਚੰਗੇ ਤੱਤ ਨਸ਼ਟ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਕੁਦਰਤੀ ਸਰੋਤਾਂ ਦਾ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ, ਅੱਗ ਤੋਂ ਪੈਦਾ ਹੋਣ ਵਾਲੀ ਗਰਮੀ ਜ਼ਮੀਨ ਦੇ ਹੇਠਾਂ ਰਹਿਣ ਵਾਲੇ ਸੂਖਮ ਜੀਵਾਂ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ। ਜੇਕਰ



ਅਸੀਂ ਪਰਾਲੀ ਦੀ ਦੇਖਭਾਲ ਕਰੀਏ ਅਤੇ ਇਸਨੂੰ ਮਿੱਟੀ ਵਿੱਚ ਮਿਲਾਈਏ ਤਾਂ ਇਸਦਾ ਮਿੱਟੀ ਦੀ ਸਿਹਤ 'ਤੇ ਚੰਗਾ ਪ੍ਰਭਾਵ ਪਵੇਗਾ। ਇਸ ਨਾਲ ਪੈਦਾਵਾਰ ਵਧੇਗੀ ਅਤੇ ਜ਼ਮੀਨ ਦੀ ਸਰੀਰਕ ਸਿਹਤ ਵੀ ਚੰਗੀ ਰਹੇਗੀ। ਉਨ੍ਹਾਂ ਕਿਹਾ ਕਿ ਅਕਸਰ ਦੇਖਿਆ ਜਾਂਦਾ ਹੈ ਕਿ ਲੋਕ ਝੋਨੇ ਦੀ ਕਟਾਈ ਤੋਂ ਬਾਅਦ ਬਚੇ ਬਚੇ ਬਚੇ ਹਿੱਸੇ ਨੂੰ ਅੱਗ ਲਗਾਉਂਦੇ ਹਨ। ਕਈ ਵਾਰ ਇਸ ਨਾਲ ਵੱਡਾ ਹਾਦਸਾ ਵੀ ਹੋ ਜਾਂਦਾ ਹੈ। ਜਿਸਦਾ ਸਾਨੂੰ ਬਾਅਦ ਵਿੱਚ ਪਛਤਾਉਣਾ ਪੈਂਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਪਰਾਲੀ ਸਾੜਨ ਤੋਂ ਬਚੀਏ। ਉਨ੍ਹਾਂ ਕਿਹਾ ਕਿ ਪਿੰਡ ਦੇ ਬੱਚਿਆਂ ਦਾ ਖੇਤੀ ਨਾਲ ਸਿੱਧਾ ਸਬੰਧ ਹੈ, ਇਸ ਲਈ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਅਸ਼ੋਕ ਕੁਮਾਰ ਨੇ ਕਿਹਾ ਕਿ ਸਾਡੇ ਸਾਰਿਆਂ ਲਈ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਬੱਚਿਆਂ ਨੂੰ ਵੀ ਆਪਣੇ ਮਾਪਿਆਂ ਨੂੰ ਇਸ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ। ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲਾ ਧੂੰਆਂ ਬਹੁਤ ਸਾਰੇ ਲੋਕਾਂ ਲਈ ਸਮੱਸਿਆ ਬਣ ਜਾਂਦਾ ਹੈ। ਉਨ੍ਹਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਉਂਦੀ ਹੈ। ਇਸ ਮੌਕੇ ਲੈਕਚਰਾਰ ਸੰਦੀਪ ਕੁਮਾਰ ਸੂਦ, ਮੋਨਿਕਾ, ਅਨੂ ਆਨੰਦ, ਮਨੀਸ਼ਾ ਸੈਣੀ ਅਤੇ ਮਨਜੀਤ ਕੌਰ ਆਦਿ ਵੀ ਮੌਜੂਦ ਸਨ।

# "ਅੱਜ ਤੋਂ ਥੋੜਾ ਘੱਟ - ਈਟ ਰਾਈਟ ਮੁਹਿੰਮ" ਤਹਿਤ ਸਿਹਤ ਵਿਭਾਗ ਵੱਲੋਂ ਬਾਗਪੁਰ ਸਕੂਲ ਵਿੱਚ ਖਾਧ ਸੁਰੱਖਿਆ ਜਾਗਰੂਕਤਾ ਕੈਂਪ ਆਯੋਜਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮਾਣਯੋਗ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਪੰਜਾਬ ਸ੍ਰੀ ਦਿਲਰਾਜ ਸਿੰਘ ਆਈਏਐਸ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ੍ਰੀਮਤੀ ਆਸ਼ਿਕਾ ਜੈਨ ਦੇ ਹੁਕਮਾ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸਿਹਤ ਅਧਿਕਾਰੀ ਡਾ. ਜਤਿੰਦਰ ਕੁਮਾਰ ਅਤੇ ਫੂਡ ਸੇਫਟੀ ਟੀਮ ਹੁਸ਼ਿਆਰਪੁਰ ਵੱਲੋਂ ਪੀ.ਐੱਮ. ਸ੍ਰੀ ਸੀਨੀਅਰ ਸੈਕੰਡਰੀ ਸਕੂਲ, ਬਾਗਪੁਰ ਵਿੱਚ "ਅੱਜ ਤੋਂ ਥੋੜਾ ਘੱਟ - ਈਟ ਰਾਈਟ ਮੁਹਿੰਮ" ਤਹਿਤ ਖਾਧ ਸੁਰੱਖਿਆ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ। ਫੂਡ ਸੇਫਟੀ ਟੀਮ ਵਿੱਚ ਫੂਡ ਸੇਫਟੀ ਅਫਸਰ ਮੁਨੀਸ਼ ਸੋਢੀ ਅਤੇ ਐਲਟੀ ਰਾਜਵਿੰਦਰ ਕੌਰ ਸ਼ਾਮਿਲ ਸਨ। ਇਸ ਕੈਂਪ ਵਿੱਚ ਵਿਦਿਆਰਥੀਆਂ ਅਤੇ ਸਟਾਫ ਨੂੰ ਰੋਜ਼ਾਨਾ ਦੇ ਭੋਜਨ ਵਿੱਚ ਤੇਲ ਅਤੇ ਚੀਨੀ ਦੀ ਖਪਤ ਘਟਾਉਣ ਸੰਬੰਧੀ ਜਾਣਕਾਰੀ ਦਿੱਤੀ ਗਈ। ਕੈਂਪ ਦੌਰਾਨ ਜਿਲਾ ਸਿਹਤ ਅਫਸਰ ਡਾ.ਜਤਿੰਦਰ ਭਾਟੀਆ ਵੱਲੋਂ ਵਿਦਿਆਰਥੀਆਂ ਨੂੰ 'ਆਇਲ ਬੋਰਡ' ਅਤੇ 'ਸ਼ੂਗਰ ਬੋਰਡ' ਵਿਖਾ ਕੇ ਉਚਿਤ ਖਪਤ ਦੀ ਮਹੱਤਤਾ ਦੱਸੀ ਗਈ।



ਇਸ ਰਾਹੀਂ ਦਿਖਾਇਆ ਗਿਆ ਕਿ ਸਮੋਸੇ, ਪਕੌੜੇ, ਚਾਕਲੇਟ, ਗੁਲਾਬ ਜਾਮੁਨ, ਸੋਫਟ ਡ੍ਰਿੰਕਸ ਅਤੇ ਫਲੇਵਰਡ ਜੂਸ ਵਰਗੀਆਂ ਚੀਜ਼ਾਂ ਵਿੱਚ ਕਿੰਨੀ ਵੱਧ ਮਾਤਰਾ ਵਿੱਚ ਚੀਨੀ ਅਤੇ ਚਰਬੀ ਮੌਜੂਦ ਹੁੰਦੀ ਹੈ। ਇਸ ਲਈ ਜਰੂਰੀ ਹੈ ਕਿ ਉਹ ਭੋਜਨ ਦੀ ਚੋਣ ਸਮੇਂ ਪੈਕੇਜਿੰਗ ਤੇ ਲਿਖੀ ਚੀਨੀ ਅਤੇ ਚਰਬੀ (ਫੈਟ) ਦੀ ਮਾਤਰਾ ਪੜ੍ਹਨ ਅਤੇ ਸਮਝਣ ਦੀ ਆਦਤ ਪਾਉਣ। ਉਹਨਾਂ ਦੱਸਿਆ ਕਿ ਭਾਰਤ ਵਿੱਚ ਵੱਡਿਆਂ ਅਤੇ ਬੱਚਿਆਂ ਵਿੱਚ ਵੱਧ ਰਹੇ ਮੋਟਾਪੇ ਅਤੇ ਹੋਰ ਕਈ ਤਰ੍ਹਾਂ ਦੀਆ ਬਿਮਾਰੀਆਂ ਜਿਨ੍ਹਾਂ ਦਾ ਸਬੰਧ ਖੰਡ ਅਤੇ ਤੇਲ ਹੈ। ਖੰਡ ਅਤੇ ਤੇਲ ਦੀ ਖਪਤ ਨੂੰ ਘਟਾਉਣ ਲਈ ਅਤੇ ਸਿਹਤਮੰਦ ਲਾਈਫਸਟਾਈਲ ਅਪਣਾਉਣਾ ਜਰੂਰੀ ਹੈ। ਵਾਧੂ ਤੇਲ ਅਤੇ ਚੀਨੀ ਸਿਹਤ ਲਈ ਹਾਨਿਕਾਰਕ ਹੁੰਦੇ ਹਨ ਅਤੇ ਇਨ੍ਹਾਂ ਦੀ ਵੱਧ ਖਪਤ ਮੋਟਾ-ਪਾ, ਡਾਇਬਟੀਜ਼, ਦੰਦਾਂ ਦੀ ਸੜਨ ਅਤੇ ਦਿਲ ਦੀਆਂ ਬਿਮਾਰੀਆਂ ਵਰਗੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਡਾ. ਭਾਟੀਆ ਨੇ ਕਿਹਾ ਕਿ ਸਿਹਤਮੰਦ ਰਹਿਣ ਲਈ ਜਰੂਰੀ ਹੈ ਕਿ ਅੱਜ ਤੋਂ ਹੀ ਖਾਣੇ ਵਿੱਚ ਨਮਕ ਅਤੇ ਖੰਡ ਘਟਾਉਣਾ ਸ਼ੁਰੂ ਕਰ ਦਿਓ। ਇਸ ਉਪਰੰਤ ਮਿਡ-ਡੇ-ਮੀਲ ਦੀ ਜਾਂਚ ਕਰਕੇ ਭੋਜਨ ਦੀ ਪੋਸ਼ਣਤਮਕਤਾ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮਾਨਕ ਸਫਾਈ ਅਭਿਆਸਾਂ ਅਤੇ ਵਰਖਾ ਰੁੱਤ ਦੌਰਾਨ ਰੱਖੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਵੀ ਜਾਣੂ ਕਰਵਾਇਆ ਗਿਆ। ਜਾਗਰੂਕਤਾ ਕੈਂਪ ਵਿੱਚ ਵਿਦਿਆਰਥੀਆਂ ਨੇ ਚੰਗੀ ਭਾਗੀਦਾਰੀ ਨਿਭਾਈ ਅਤੇ ਸਵਾਲ-ਜਵਾਬ ਰਾਹੀਂ ਜਾਣਕਾਰੀ ਹਾਸਿਲ ਕੀਤੀ। ਸਿਹਤ ਵਿਭਾਗ ਵੱਲੋਂ ਅਜਿਹੀਆਂ ਜਾਗਰੂਕਤਾ ਮੁਹਿੰਮਾਂ ਨੂੰ ਹੋਰ ਸਕੂਲਾਂ ਵਿੱਚ ਵੀ ਕਰਵਾਉਣ ਦੀ ਯੋਜਨਾ ਬਣਾਈ ਗਈ ਹੈ।

# ਪੌਦੇ ਲਗਾਉਣ ਨੂੰ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣਾਓ - ਅਰੋੜਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਲਾਇਨਜ਼ ਕਲੱਬ ਹੁਸ਼ਿਆਰਪੁਰ ਪਰਲ ਵੱਲੋਂ ਚੀਫ਼ ਲਾਇਨ ਵਿਜੇ ਅਰੋੜਾ ਦੀ ਅਗਵਾਈ ਹੇਠ ਅੱਜ ਗਊਸ਼ਾਲਾ ਗੋਵਿੰਦ ਗੋ ਧਾਮ ਫਲਾਹੀ ਵਿੱਚ ਵਾਤਾਵਰਣ ਦੀ ਸ਼ੁੱਧਤਾ ਲਈ ਰੁੱਖ ਲਗਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਕਲੱਬ ਦੇ ਸਾਰੇ ਮੈਂਬਰਾਂ ਨੇ ਨਿਰਸਵਾਰਥ ਹੋ ਕੇ 25 ਪੌਦੇ ਲਗਾਏ। ਇਸ ਮੌਕੇ ਪ੍ਰਧਾਨ ਵਿਜੇ ਅਰੋੜਾ ਨੇ ਕਿਹਾ ਕਿ ਸ਼ਹਿਰ ਨੂੰ ਹਰਿਆ ਭਰਿਆ ਬਣਾਉਣ ਲਈ, ਕਲੱਬ ਪ੍ਰਸ਼ਾਸਨ ਦੇ ਸਹਿਯੋਗ ਨਾਲ 150 ਹੋਰ ਪੌਦੇ ਲਗਾਏਗਾ। ਜਿਸ ਦਾ ਪ੍ਰੋਗਰਾਮ ਜਲਦੀ ਹੀ ਤੈਅ ਕੀਤਾ ਜਾਵੇਗਾ ਅਤੇ ਉਨ੍ਹਾਂ ਕਿਹਾ ਕਿ ਇਹ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਅਸੀਂ ਪੌਦੇ ਲਗਾਉਣ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਬਣਾਈਏ ਅਤੇ ਲਗਾਏ ਗਏ ਪੌਦਿਆਂ ਦੀ ਦੇਖਭਾਲ ਵੀ ਕਰੀਏ ਤਾਂ ਜੋ ਰੁੱਖ ਲਗਾ ਕੇ ਉਹ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਣ।

ਇਸ ਮੌਕੇ ਉੱਘੇ ਸਮਾਜ ਸੇਵਕ ਲਾਇਨ ਸੰਜੀਵ ਅਰੋੜਾ ਅਤੇ ਜਨਰਲ ਸਕੱਤਰ ਲਾਇਨ ਉਮੇਸ਼ ਰਾਣਾ ਨੇ ਕਿਹਾ ਕਿ ਵਾਤਾਵਰਣ ਵਿੱਚ ਸੰਤੁਲਨ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਆਲੇ ਦੁਆਲੇ ਦੀ ਸਫ਼ਾਈ ਦਾ ਪੂਰਾ ਧਿਆਨ ਰੱਖੀਏ ਤਾਂ ਜੋ ਵਾਤਾਵਰਣ ਵਿੱਚ ਸ਼ੁੱਧਤਾ ਬਣੀ ਰਹੇ ਅਤੇ ਹਰਿਆਲੀ ਵਧਾਉਣ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਸ੍ਰੀ ਅਰੋੜਾ ਨੇ ਕਿਹਾ ਕਿ ਹਰੇਕ ਪੌਦਾ ਸਾਡੇ



ਜੀਵਨ ਵਿੱਚ ਬਹੁਤ ਮਹੱਤਵ ਰੱਖਦਾ ਹੈ ਜਿਸਦਾ ਅਸੀਂ ਆਪਣੇ ਜੀਵਨ ਦੀ ਸ਼ੁਰੂਆਤ ਤੋਂ ਲੈ ਕੇ ਆਪਣੇ ਜੀਵਨ ਦੇ ਅੰਤ ਤੱਕ ਅਨੁਭਵ ਕਰਦੇ ਹਾਂ। ਅਤੇ ਜਦੋਂ ਵੀ ਸਾਡੇ ਘਰ ਕੋਈ ਨਵਾਂ ਜੀਵ ਆਉਂਦਾ ਹੈ, ਸਾਨੂੰ ਇੱਕ ਹਫ਼ਤੇ ਦੇ ਅੰਦਰ-ਅੰਦਰ ਉਸਦੇ ਨਾਮ 'ਤੇ ਇੱਕ ਰੁੱਖ ਲਗਾਉਣਾ ਚਾਹੀਦਾ ਹੈ ਤਾਂ ਜੋ ਇਹ ਇੱਕ ਯਾਦਗਾਰੀ ਬਣ ਜਾਵੇ। ਲਾਇਨਜ਼ ਕਲੱਬ ਪਰਲ ਇਸ ਸੁਨੇਹੇ ਨੂੰ ਹਰ ਘਰ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰੇਗਾ ਤਾਂ ਜੋ ਹਰ ਕਿਸੇ ਨੂੰ ਪ੍ਰਦੂਸ਼ਣ ਮੁਕਤ ਵਾਤਾਵਰਣ ਮਿਲ ਸਕੇ। ਇਸ ਮੌਕੇ 'ਤੇ, ਕਲੱਬ ਨੇ ਪਸ਼ੂਆਂ ਦੀ ਦੇਖਭਾਲ ਅਤੇ ਹਰੇ ਚਾਰੇ ਲਈ ₹ 7,000 ਦੀ ਰਕਮ ਦਾਨ ਕੀਤੀ। ਇਸ ਮੌਕੇ ਗਊਸ਼ਾਲਾ ਦੇ ਮੁੱਖ ਸੇਵਕ ਸ਼੍ਰੀ ਲਕਸ਼ਮੀ ਨਾਰਾਇਣ ਨੇ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ। ਅਤੇ ਭਵਿੱਖ ਵਿੱਚ ਉਸਨੂੰ ਗਊਸ਼ਾਲਾ ਦਾ ਦੌਰਾ ਕਰਨ ਦਾ ਸੱਦਾ ਵੀ ਦਿੱਤਾ। ਇਸ ਮੌਕੇ ਕੁਮਾਰ ਗੌਰਵ, ਉਮੇਸ਼ ਰਾਣਾ, ਵਿਜੇ ਗੁਪਤਾ ਐੱਚ.ਕੇ. ਨਾਕਰਾ, ਅਸ਼ਵਨੀ ਕੁਮਾਰ ਦੱਤਾ, ਮਦਨ ਲਾਲ ਮਹਾਜਨ, ਅਨਿਲ ਕੁਮਾਰ, ਹਰੀਸ਼ ਚੁੱਘ, ਰਾਜੇਸ਼ ਨੰਦਾ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ ।

## ਇੱਕ ਤੇਰੀ ਖ਼ੁਸ਼ੀ ਲਈ

ਤੂੰ ਜੇਕਰ ਪਾਵੇਂ ਬਾਤ ,
ਹੁੰਘਾਰਾ ਭਰ ਸਕਦੇ ਹਾਂ ।
ਇੱਕ ਤੇਰੀ ਖਾਤਰ ਸੱਤ ,
ਸਮੁੰਦਰ ਤਰ ਸਕਦੇ ਹਾਂ ।
ਅਸੀਂ ਸ਼ਿਕਾਰੀ ਐਸੇ ,
ਤੈਥੋਂ ਜਿੱਤਿਆ 'ਨੀਂ ਜਾਣਾ ;
ਉਂਜ ਤੇਰੀ ਖ਼ੁਸ਼ੀ ਦੀ ਖ਼ਾਤਰ,
ਖ਼ੁਦ ਵੀ ਹਰ ਸਕਦੇ ਹਾਂ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਬਿਰਥਾ

ਮੈਂ ਬਿਰਹਨ ਕੁਮਲਾਂਵਦੀ
ਕੋਈ ਸ਼ੈਅ ਨਾ ਮਨ ਨੂੰ ਭਾਂਵਦੀ।

ਨਾਗ ਲਪੇਟੀ ਚੰਦਨ ਗੇਲੀ
ਵਣ ਖੁਸ਼ਬੂ ਜਿਉਂ ਫੈਲਾਂਵਦੀ।

ਅੰਬਰੋਂ ਕਣੀਆਂ ਸਾਉਣ ਦੀਆਂ
ਤਨ ਪਿੰਜਰ ਅੱਗ ਲਗਾਂਵਦੀ ।

ਪਿਰ ਬਾਝੋਂ ਤੱਤੜੀ ਨਾਰ ਨੂੰ
ਨਾ ਵਰਖਾ ਸਾਉਣ ਸੁਖਾਂਵਦੀ।

ਮਾਹੀ ਤੁਠੇ ਗਾਏ ਸੋਹਲੇ
ਕਾਲੀ ਕੋਇਲ ਜੀਕਣ ਗਾਂਵਦੀ।

ਨਿਤਸ਼ਾਇਰਾ!
ਪਿਰ ਗਲ ਲੱਗ ਕੇ ਜਾਪੇ
ਜਿਉ ਰੂਹ 'ਚ ਰੂਹ ਸਮਾਂਵਦੀ।



**ਨੀਤੂ ਕਵਿੱਤਰੀ**

## ਝੂਠਾ ਇਹ ਸੰਸਾਰ ਦੇਖਿਆ

ਮੈਂ ਝੂਠਾ ਇਹ ਸੰਸਾਰ ਦੇਖਿਆ
ਝੂਠਾ ਲੋਕਾਂ ਦਾ ਪਿਆਰ ਦੇਖਿਆ।
ਹਰ ਸ਼ਖਸ ਦੁਨੀਆ ਵਿੱਚ ਕਿਸੇ ਨਾ
ਕਿਸੇ ਤਰ੍ਹਾਂ ਮੈਂ ਲਾਚਾਰ ਦੇਖਿਆ।
ਕੋਈ ਚੀਜ਼ ਨਹੀਂ ਟਿਕਾਊ ਇਥੇ
ਨਸ਼ਵਰ ਸਾਰਾ ਸੰਸਾਰ ਦੇਖਿਆ।
ਕਸਮੇ ਵਾਇਦੇ, ਪਿਆਰ ਵਫਾ
ਸਭ ਕੁਝ ਇਹ ਬੇਕਾਰ ਦੇਖਿਆ।
ਪੈਸੇ ਦੀ ਪੀਰ ਹੈ ਇਹ ਦੁਨੀਆ ਸਾਰੀ
ਹੁੰਦਾ ਇਥੇ ਮੈਂ ਦੇਹ ਵਪਾਰ ਦੇਖਿਆ।
ਮਤਲਬ ਦਾ ਸਾਰਾ ਸੰਸਾਰ ਦੇਖਿਆ।
ਆਕੜ ਆਕੜ ਕੇ ਚਲਣ ਵਾਲੇ ਨੂੰ
ਆਖਿਰਕਾਰ ਮੈਂ ਖਾਕ ਸਾਰ ਦੇਖਿਆ।
ਕੰਮ ਨਿਕਲੇ ਖਿਸਕ ਜਾਂਦੇ ਨੇ ਸਾਰੇ
ਮਤਲਬ ਦਾ ਮੈਂ ਹਰ ਯਾਰ ਦੇਖਿਆ।
ਇਮਾਨਦਾਰੀ ਦੀ ਕੀ ਗੱਲ ਕਰੀਏ
ਵਿਕਦਾ ਹਰ ਬੰਦਾ ਬਾਜਾਰ ਦੇਖਿਆ।
ਕਿੱਥੇ ਹੈ ਭਰਾਵਾਂ ਵਿੱਚ ਪਿਆਰ ਉਹ
ਪ੍ਰਾਪਰਟੀ ਪਿੱਛੇ ਤਕਰਾਰ ਦੇਖਿਆ।
ਮੈਂ ਝੂਠਾ ਇਹ ਸੰਸਾਰ ਦੇਖਿਆ
ਇੱਕ ਨਹੀਂ ਬਲਕਿ ਸੌ ਸੌ ਵਾਰ ਦੇਖਿਆ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 90 45**
**ਰੋਹਤਕ 12 40 01 ਹਰਿਆਣਾ**

## ਸੱਜਰਾ ਰੰਗ

ਮੁੜ ਸਾਨੂੰ ਸੱਜਣਾ, ਘੁਮਿਆਰਾ! ਢਾਲ਼ ਵੇ,
"ਮੈਂ" ਮਿੱਟੀ ਨੂੰ ਸੱਜਰਾ ਰੰਗ ਵਿਖਾਲ਼ ਵੇ।

ਅੰਨ੍ਹਿਆਂ ਦੀ ਨਗਰੀ ਵਿੱਚ ਦੀਵਾ ਬਾਲ਼ ਵੇ,
ਸਾਨੂੰ ਕਿਸੇ ਸੁਜਾਖੇ ਦੀ ਹੈ ਭਾਲ਼ ਵੇ।

ਫੇਰ ਕਿਸੇ ਨਾਨਕ ਦੇ ਤਾਈਂ ਆਖ ਵੇ,
ਭਰਮਾਂ ਦੇ ਸਭ ਕੈਂਚੀ ਕਰ ਦਏ ਜਾਲ਼ ਵੇ।

ਸਭਨਾਂ ਨੇ ਦਰਵਾਜ਼ੇ ਕਰ ਲਏ ਬੰਦ ਵੇ,
ਹੁਣ ਨਾ ਸਾਨੂੰ ਦਸਵੇਂ ਦਰ ਤੋਂ ਟਾਲ਼ ਵੇ।

ਲੁੱਟ ਲੈਣ ਨਾ ਸਿਦਕ ਸਾਂਭਿਆ ਉਮਰਾਂ ਦਾ,
ਸਾਡੇ ਰਾਹੀਂ ਬੈਠੇ ਚੋਰ ਉਠਾਲ਼ ਵੇ।

ਰੋਕ ਜ਼ਰਾ ਅਕਲਾਂ ਦੇ ਤਾਈਂ ਰੋਕ ਵੇ,
ਸਾਡੀ ਨਹੀਂ ਹੁਣ ਬਣਦੀ ਇਹਨਾਂ ਨਾਲ਼ ਵੇ।

ਰੂਹ ਸਾਡੀ ਨੂੰ ਇਸ਼ਕ ਹਕੀਕੀ ਰੰਗ ਵੇ,
ਮੜ੍ਹੀ ਕਿਤੇ ਨਾ ਲੈ ਜੇ ਬੁੱਤ ਉਧਾਲ਼ ਵੇ

ਰਹਿ ਗਈ ਘੜੀਆਂ ਚਾਰ ਤੇ ਵੇਲ਼ੇ ਤਿੰਨ ਵੇ,
ਛੇਤੀ ਸਾਨੂੰ ਜੀਵਨ ਜਾਚ ਸਖਾਲ਼ ਵੇ।



**ਰਿਤੂ ਵਾਸੂਦੇਵ**

## ਗੱਲ ਸੁਣ, ਪੰਛੀ ਭੋਲਿਆ

ਗੱਲ ਸੁਣ, ਪੰਛੀ ਭੋਲਿਆ,
ਬੁਲੰਦ ਉਡਾਰਾਂ ਮਾਰ।
ਤੇਰਾ ਮੋਹ ਪਿਆ ਏਕਣ ਆਂਵਦਾ,
ਜਿਵੇਂ ਸੱਜਣ, ਬੇਲੀ, ਯਾਰ।
ਰੱਜ ਮਾਣ ਵੇ ਸੁੱਖਾਂ ਲੱਧਿਆ
ਔਧ, ਮੌਜ਼ ਘੜੀ ਦਿਨ-ਚਾਰ
ਪਰ ਯਾਦ ਰੱਖੀਂ ਤੂੰ ਸੋਹਣਿਆ
ਇਸ ਧਰਤ ਨਾਲ ਹੋਏ ਕਰਾਰ
ਰੰਗ, ਰੰਗਤ, ਛਬ ਰੂਪ ਨੂੰ,
ਨਿਹਾਰਾਂ, ਤੇ ਬਲਿਹਾਰ।
ਤੈਨੂੰ ਕਿਸ ਖ਼ਸਲਤ ਤਰਾਸ਼ਿਆ,
ਤੇਰਾ ਕਿਹੜਾ ਘਾੜ੍ਹਣਹਾਰ?
ਹਵਸ ਨਾ, ਤਮਾਹ, ਨਾ ਲੋਭ, ਰੋਹ,
ਤੈਨੂੰ, ਨਾ ਹਉਮੈ, ਨਾ ਖ਼ਾਰ।
ਜਿੱਡਾ ਪਰਾਂ 'ਚ ਹੌਂਸਲਾ,
ਪ੍ਰਬਲ ਨੂਰਾਨੀ ਆਕਾਰ।
ਤੂੰ ਝਿਲਮਲ ਚਾਨਣ ਜੇਹੜਾ,
ਤੇਰਾ ਨੂਰ ਅੰਬਰ ਤੋਂ ਪਾਰ।
ਉਸ ਪਾਰ, ਵੇ ਜੰਨਤ ਪਰੀਆਂ,
ਵੱਸਣ ਬਹਿਸਤ ਦਰਬਾਰ।
ਚਹਚਹਾਟ ਰੂਹਾਂ ਟੁੰਬਦੀ,
ਸੁਰ, ਹੂਕ, ਰੂਹਾਨੀ ਸਾਰ।
ਤੇਰਾ ਇਸ਼ਕ ਵੇ ਸੁੱਚਾ ਅਮਰਤਾ,
ਤੈਨੂੰ ਦੇਖ ਚੜੇ ਖ਼ੁਮਾਰ।
ਤੂੰ ਪੂਰਨ, ਤ੍ਰਿਪਤ, ਸੁਹਾਵੜਾ,
ਯੁੱਗ-ਯੁੱਗ ਵੱਸੇ ਕਲਾਕਾਰ।
ਮਸਰੂਰ ਰਹੇ ਇਹ ਵਣ-ਬੇਲਾ,
ਜੰਮ ਸੁਖਦ ਵੱਸੇ ਸੰਸਾਰ।



**ਦੀਪ ਸੰਧੂ**
**+61 459 966 392**




# ਬਹੁਜਨ ਸਮਾਜ ਪਾਰਟੀ ਪੰਜਾਬ ਦੀ ਸਮੀਖਿਆ ਬੈਠਕ ਸਟੇਟ ਦਫ਼ਤਰ ਵਿੱਚ ਰਣਧੀਰ ਸਿੰਘ ਬੈਨੀਪਾਲ ਨੇ ਕੀਤੀ

**ਜਲੰਧਰ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਪੰਜਾਬ ਦੀ ਸਮੀਖਿਆ ਬੈਠਿਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਭਵਨ ਪੰਜਾਬ ਬਸਪਾ ਸਟੇਟ ਦਫਤਰ ਦੇ ਵਿੱਚ ਕੀਤੀ ਗਈ ਮੁੱਖ ਮਹਿਮਾਨ ਸ਼੍ਰੀ ਰਣਧੀਰ ਸਿੰਘ ਬੈਨੀਵਲ ਜੀ ਨੈਸ਼ਨਲ ਕੋਆਰਡੀਨੇਟਰ ਬਸਪਾ, ਵਿਸ਼ੇਸ਼ ਮਹਿਮਾਨ ਸ਼੍ਰੀ ਵਿਪਓਲ ਕੁਮਾਰ ਜੀ ਕੇਂਦਰੀ ਚੋਰਦਿਨਓਟੋਰ ਬਸਪਾ, ਪ੍ਰਧਾਨਗੀ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਨੇ ਕੀਤੀ ਇਹਨਾਂ ਤੋਂ ਇਲਾਵਾ ਪਰਜਾਪਤੀ ਅਜੀਤ ਸਿੰਘ ਭੈਣੀ ਜੀ ਬਸਪਾ ਪੰਜਾਬ ਦੇ ਸਟੇਟ ਕੁਆਰਡੀਨੇਟਰ, ਸ਼੍ਰੀ ਕੁਲਦੀਪ ਸਿੰਘ ਜੀ ਪੰਜਾਬ ਦੇ ਸਟੇਟ ਕੁਆਡੀਨੇਟਰ, ਚੌਧਰੀ ਗੁਰਨਾਮ ਸਿੰਘ ਜੀ ਬਸਪਾ ਪੰਜਾਬ ਸਟੇਟ ਕੁਆਰਡੀਨੇਟਰ, ਤੀਰਥ ਰਾਜਪੁਰਾ ਮਹਿਰਾ ਜੀ ਬਸਪਾ ਸਟੇਟ ਕੁਆਰਡੀਨੇਟਰ ਤੋ ਇਲਾਵਾ ਪੰਜਾਬ ਬਸਪਾ ਜਿਲਿਆਂ ਦੇ ਪ੍ਰਧਾਨਾਂ, ਬਹੁਜਨ ਵਲੰਟੀਅਰ ਫੋਰਸ ਦੀ ਸ਼ਮੂਲੀਅਤ ਹੋਈ ਪਾਰਟੀ ਦੇ ਜਥੇਬੰਧਕ ਢਾਂਚੇ ਦੇ ਵਿਸਥਾਰ ਬਾਰੇ ਜਾਣਕਾਰੀ ਹਾਸਿਲ ਕੀਤੀ ਗਈ ਅਤੇ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਹੋਰ ਤੇਜ਼ੀ ਨਾਲ ਬਣਾਉਣ ਲਈ ਸੱਦਾ ਦਿੱਤਾ ਗਿਆ ਬਸਪਾ ਦੀ ਪੰਜਾਬ ਚ ਸੰਭਾਲੋ ਮਹਿਮ ਪਿੰਡਾਂ,ਸ਼ਹਿਰਾਂ ਵਿੱਚ ਮਜਬੂਤੀ ਨਾਲ ਲੈ ਜਾਣ ਲਈ ਸੱਦਾ ਦਿੱਤਾ ਗਿਆ।





# ਸੈਂਕੜੇ ਨੌਜਵਾਨਾਂ ਨੂੰ ਪੰਜਾਬ ਸੰਭਾਲੋ ਮੁਹਿੰਮ ਦਾ ਬਣਾਇਆ ਹਿੱਸਾ



**ਲੁਧਿਆਣਾ+ ਚਰਨਜੀਤ ਸੱਲ੍ਹਾਂ )** ਵਿਧਾਨ ਸਭਾ ਹਲਕਾ ਉੱਤਰੀ ਵਿੱਚ ਹਲਕਾ ਪ੍ਰਧਾਨ ਸ਼੍ਰੀ ਸੁਖਦੇਵ ਚੱਡਾ ਦੀ ਅਗਵਾਈ ਹੇਠ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਨੌਜਵਾਨ ਵੀਰਾਂ ਦੀ ਮੀਟਿੰਗ ਚੱਡਾ ਜੀਂ ਵੱਲੋ ਬੁਲਾਈ ਗਈ ਮੀਟਿੰਗ ਵਿੱਚ ਨੌਜਵਾਨਾਂ ਨੂੰ ਪੰਜਾਬ ਵਿੱਚ ਵਗਦੇ ਨਸ਼ਿਆਂ ਦੇ ਦਰਿਆਂ ਨੂੰ ਰੋਕਣ ਲਈ ਨਸ਼ਿਆਂ ਪ੍ਰਤੀ ਜਾਗਰੂਕ ਕਰਕੇ ਪੰਜਾਬ ਦੀ ਉਜੜ ਰਹੀ ਜਵਾਨੀ ਨੂੰ ਬਚਾਉਣ ਲਈ ਪੰਜਾਬ ਦੇ ਹਰ ਮੁੱਦੇ ਤੇ ਫੇਲੀਅਰ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰਤੀ ਜਿਲਾ ਪ੍ਰਧਾਨ ਸ਼੍ਰੀ ਬਲਵਿੰਦਰ ਸਿੰਘ ਜੱਸੀ ਜੀ ਵੱਲੋਂ ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਸੂਬਾ ਪ੍ਰਧਾਨ ਮਾਨਯੋਗ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸੰਭਾਲੋ ਮੁਹਿੰਮ ਨਾਲ ਨੌਜਵਾਨਾਂ ਨੂੰ ਜੋੜਿਆ ਗਿਆ ਮੌਕੇ ਤੇ ਨੌਜਵਾਨਾਂ ਦੇ ਸੀਨੀਅਰ ਆਗੂ ਜੋ ਕਿ ਪਹਿਲਾਂ ਵੀ ਨਸ਼ਿਆਂ ਪ੍ਰਤੀ ਨੌਜਵਾਨਾਂ ਨੂੰ ਜਾਗਰੂਕ ਕਰਨ ਦਾ ਕੰਮ ਕਰ ਰਹੇ ਸ਼੍ਰੀ ਅਮਨਦੀਪ ਢਿੱਲੋ ਨੂੰ ਵਿਧਾਨ ਸਭਾ ਹਲਕਾ ਉੱਤਰੀ ਵਿੱਚ ਬੀ ਵੀ ਐਫ ਦੀ ਜਿੰਮੇਵਾਰੀ ਸੰਭਾਲੀ ਗਈ ਇਸ ਮੌਕੇ ਤੇ ਬਹੁਜਨ ਸਮਾਜ ਪਾਰਟੀ ਹਲਕਾ ਉੱਤਰੀ ਦੇ ਸਕੱਤਰ ਸਰਦਾਰ ਜਸਵਿੰਦਰ ਸਿੰਘ ਜੀਂ, ਵਿਸ਼ਾਲ ਰਾਜਪੂਤ,ਰਿਸ਼ਵ ਰੰਧਾਵਾ,ਵਿਜੈ ਜੈਸਵਾਲ,ਸਾਹਿਲ ਪਾਸੀ,ਕਰਨਵਿਜੈ, ਸੌਰਵਜੀਤ, ਰੋਬਿਨ ਸਿੰਘ,ਰਾਜੂ ਸਚਿਵ,ਪਰਵੇਸ਼ ਕੁਮਾਰ, ਵਿਪਨ,ਵਿਸ਼ਾਲ ਹਨੀ ਸਿੰਘ,ਸੰਜੇ ਅਤੇ ਹੋਰ ਬਹੁਤ ਸਾਰੇ ਨੌਜਵਾਨ ਹਾਜ਼ਰ ਹੋਏ ਸਨ! ਬਹੁਜਨ ਸਮਾਜ ਪਾਰਟੀ ਜਿੰਦਾਬਾਦ ਜਿੰਦਾਬਾਦ।



# ਖਿਆਲਾ ਕਲਾਂ ਵਿਖੇ ਟੀਕਾਕਰਨ ਅਤੇ ਪਰਿਵਾਰ ਭਲਾਈ ਸੇਵਾਵਾਂ ਦੀ ਸਮੀਖਿਆ ਲਈ ਮੀਟਿੰਗ ਹੋਈ



**ਸਿਹਤ ਬਲਾਕ ਖਿਆਲਾ ਕਲਾਂ ਵਿਖੇ ਟੀਕਾਕਰਨ ਅਤੇ ਪਰਿਵਾਰ ਭਲਾਈ ਸੇਵਾਵਾਂ ਦੀ ਸਮੀਖਿਆ ਮੀਟਿੰਗ ਦਾ ਦ੍ਰਿਸ਼।**

ਮਾਨਸਾ () ਸਿਵਲ ਸਰਜਨ ਮਾਨਸਾ, ਡਾਕਟਰ ਰਣਜੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਹਤ ਬਲਾਕ ਖਿਆਲਾ ਕਲਾਂ ਦੇ ਐੱਸ.ਐੱਮ.ਓ. ਡਾਕਟਰ ਬਲਜਿੰਦਰ ਕੌਰ ਦੀ ਨਿਗਰਾਨੀ ਹੇਠ ਅੱਜ ਸੀ.ਐੱਚ.ਸੀ. ਖਿਆਲਾ ਕਲਾਂ ਵਿਖੇ ਇੱਕ ਅਹਿਮ ਟੀਕਾਕਰਨ ਰੀਵਿਊ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਟੀਕਾਕਰਨ ਅਫ਼ਸਰ, ਡਾ. ਬਲਜੀਤ ਕੌਰ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾ. ਕੰਵਲਪ੍ਰੀਤ ਕੌਰ ਬਰਾੜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਬਲਾਕ ਖਿਆਲਾ ਕਲਾਂ ਦੀਆਂ ਸਮੂਹ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ (ਫੀਮੇਲ) ਅਤੇ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਨਾਲ ਟੀਕਾਕਰਨ, ਫੈਮਲੀ ਪਲੈਨਿੰਗ ਅਤੇ ਐਮ.ਡੀ.ਆਰ. (ਧ੍ਰ) ਨਾਲ ਸਬੰਧਤ ਕਾਰਜਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਚਾਨਣ ਦੀਪ ਸਿੰਘ, ਕਾਰਜਕਾਰੀ ਬਲਾਕ ਐਜੂਕੇਟਰ, ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਉਦੇਸ਼ ਸਿਹਤ ਸੇਵਾਵਾਂ ਵਿੱਚ ਕੀਤੇ ਜਾ ਰਹੇ ਕੰਮ ਦੀ ਸਮੀਖਿਆ ਕਰਨਾ ਅਤੇ ਉਨ੍ਹਾਂ ਵਿੱਚ ਹੋਰ ਸੁਧਾਰ ਲਿਆਉਣ ਲਈ ਰਣਨੀਤੀਆਂ ਤਿਆਰ ਕਰਨਾ ਸੀ।

ਜ਼ਿਲ੍ਹਾ ਟੀਕਾਕਰਨ ਅਫ਼ਸਰ ਅਤੇ ਪਰਿਵਾਰ ਭਲਾਈ ਅਫ਼ਸਰ ਨੇ ਸਿਹਤ ਕਰਮੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਟੀਕਾਕਰਨ ਅਤੇ ਫੈਮਲੀ ਪਲੈਨਿੰਗ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਦੀ ਲੋੜ ਹੈ ਤਾਂ ਜੋ ਸਿਹਤ ਸੇਵਾਵਾਂ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਸਕੇ। ਉਨ੍ਹਾਂ ਨੇ ਹਾਈ ਰਿਸਕ ਗਰਭਵਤੀ ਔਰਤਾਂ ਦੀ ਵਿਸ਼ੇਸ਼ ਦੇਖਭਾਲ 'ਤੇ ਵੀ ਜ਼ੋਰ ਦਿੱਤਾ। ਮੀਟਿੰਗ ਵਿੱਚ ਜਗਦੇਵ ਸਿੰਘ ਆਸ਼ਾ ਕੁਆਰਡੀਨੇਟਰ, ਜਗਸੀਰ ਕੌਰ ਬੀ.ਐੱਸ.ਏ. ਅਤੇ ਜੋਤੀ ਇਨਫਰਮੇਸ਼ਨ ਅਸਿਸਟੈਂਟ ਨੇ ਰਿਪੋਰਟਿੰਗ ਪ੍ਰਣਾਲੀ ਬਾਰੇ ਵਿਸਤ੍ਰਿਤ ਚਰਚਾ ਕੀਤੀ। ਇਸ ਮੌਕੇ ਸਿਹਤ ਬਲਾਕ ਖਿਆਲਾ ਕਲਾਂ ਦੀਆਂ ਸਮੂਹ ਮ. ਪ. ਹ. ਸ. (ਫੀਮੇਲ) ਅਤੇ ਮ. ਪ. ਹ. ਵ. (ਫੀਮੇਲ) ਹਾਜ਼ਰ ਸਨ।

# ਸਰਦਾਰ ਬਲਜੀਤ ਸਿੰਘ ਸਲਾਣਾ ਜੀ ਨੂੰ ਸਮਰਥਕਾਂ ਸਮੇਤ ਬਸਪਾ ਵਿੱਚ ਸ਼ਾਮਲ ਕੀਤਾ: ਸ ਅਵਤਾਰ ਸਿੰਘ ਕਰੀਮਪੁਰੀ

**ਜਲੰਧਰ (ਚਰਨਜੀਤ ਸੱਲ੍ਹਾਂ )** ਸਰਦਾਰ ਬਲਜੀਤ ਸਿੰਘ ਸਲਾਣਾ ਜੀ ਐਸਸੀ ਬੀਸੀ ਯੂਨੀਅਨ ਪੰਜਾਬ ਦੇ ਸਾਬਕਾ ਪ੍ਰਧਾਨ ਆਪਣੇ ਸਮਰਥਕਾਂ ਸਮੇਤ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਏ ਪਾਰਟੀ ਵੱਲੋਂ ਉਹਨਾਂ ਦੇ ਸਾਥੀਆਂ ਨੂੰ ਪੂਰਨ ਸਨਮਾਨ ਦੇਣ ਦਾ ਭਰੋਸਾ ਦਿੱਤਾ ਗਿਆ ਇਸ ਮੌਕੇ ਤੇ ਪਾਰਟੀ ਦੇ ਨੈਸ਼ਨਲ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਵਾਲ ਜੀ ਅਤੇ ਸ੍ਰੀ vipal ਕੁਮਾਰ ਜੀ ਪਾਰਟੀ ਦੇ ਕੇਂਦਰੀ ਕੋਆਰਡੀਨੇਟਰ ਪੰਜਾਬ ,ਸਟੇਟ ਬਸਪਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਉਹਨਾਂ ਨੂੰ ਸਰੋਪਾ ਦੇ ਕੇ ਉਹਨਾਂ ਦਾ ਸਨਮਾਨ ਕੀਤਾ ਇਸ ਮੌਕੇ ਤੇ ਸ਼੍ਰੀ ਦੌਲਤ ਰਾਮ ਜੀ ਰਿਟਾਇਰਮੈਂਟ ਤੋਂ







ਬਾਅਦ ਉਹਨਾਂ ਨੂੰ ਵੀ ਬਸਪਾ ਵਿੱਚ ਜਿੰਮੇਵਾਰੀ ਸੌਂਪੀ ਗਈ ਇਸ ਮੌਕੇ ਪਰਜਾਪਤੀ ਅਜੀਤ ਸਿੰਘ ਭੈਣੀ ਜੀ ਸਟੇਟ ਕੁਆਰਡੀਨੇਟਰ, ਸ੍ਰੀ ਕੁਲਦੀਪ ਸਿੰਘ ਜੀ ਸਟੇਟ ਕੋਆਰਡੀਨੇਟਰ,ਚੌਧਰੀ ਗੁਰਨਾਮ ਸਿੰਘ ਸਟੇਟ ਕੋਆਰਡੀਨੇਟਰ ਬਸਪਾ, ਤੀਰਥ ਰਾਜਪੁਰਾ ਜੀ ਸਟੇਟ ਕੋਆਰਡੀਨੇਟਰ ਤੋ ਇਲਾਵਾ ਪੰਜਾਬ ਸਟੇਟ ਦੇ ਸਮੁੱਚੀ ਲੀਡਰਸ਼ਿਪ ਮੌਜੂਦ ਸੀ।

# ਦਿਨੇਸ਼ ਕੁਮਾਰ ਪੱਪੂ ਨੇ ਪਾਰਟੀ ਨਾਲ ਇੱਕ ਵਰਕਰ ਹਰ ਰੋਜ਼ ਜੋੜਿਆ ਹੈ

**ਹੁਸ਼ਿਆਰਪੁਰ (ਚਰਨਜੀਤ ਸੱਲ੍ਹਾਂ )** ਵੱਡੇ ਪੱਧਰ ਤੇ ਜੁੜ ਰਹੇ ਹਨ ਪੰਜਾਬ ਸੰਭਾਲੋ ਮਹਿਮਾ ਨਾਲ ਲੋਕ॥ ਇਸ ਲੜੀ ਤਹਿਤ ਰੋਜ ਮਿਲਕੇ ਵਰਕਰ ਨੂੰ ਬਸਪਾ ਨਾਲ ਜੋੜਿਆ ਜਾ ਰਿਹਾ ਹੈ ਅੱਜ ਲਗਭਗ ਵੀਹ ਦਿਨ ਹੋ ਗਏ ਹਨ ਦਿਨੇਸ਼ ਕੁਮਾਰ ਪੱਪੂ ਜੀ ਇਸ ਕੰਮ ਵਿੱਚ ਲੱਗੇ ਹੋਏ ਹਨ ਉਹ ਹਰ ਰੋਜ਼ ਇੱਕ ਵਰਕਰ ਪਾਰਟੀ ਦੀਆਂ ਨੀਤੀਆਂ ਦੱਸ ਕੇ ਜੋੜ ਰਹੇ ਹਨ ਅੱਜ ਕਰਨ ਨਈਅਰ ਆਮ ਆਦਮੀ ਪਾਰਟੀ ਦਾ ਵਰਕਰ ਸੀ ਜਿਸ ਨੂੰ ਬਹੁਜਨ ਸਮਾਜ ਪਾਰਟੀ ਵਾਰੇ ਜਾਣਕਾਰੀ ਦੇ ਕੇ ਪਾਰਟੀ ਨਾਲ ਜੋੜਿਆ ਗਿਆ ਨਈਅਰ ਨੇ



ਦੱਸਿਆ ਕਿ ਪਹਿਲਾਂ ਤਾਂ ਆਪ ਦੇ ਨੇਤਾ ਜਦੋਂ ਕਿਤੇ ਨੂੰ ਜਾਣਾਂ ਹੋਵੇ ਜਾਂ ਰੈਲੀ ਤੇ ਜਾਣਾ ਹੋਵੇ ਤਾਂ ਫ਼ੋਨ ਕਰਦੇ ਸਨ ਪਰ ਹੁਣ ਸਾਡਾ ਫੋਨ ਵੀ ਨਹੀਂ ਚੁੱਕਦੇ ਇਸ ਲਈ ਮੈਂ ਬਾਕੀ ਸਭ ਪਾਰਟੀਆਂ ਨੂੰ ਦੇਖ ਲਿਆ ਹੈ ਬਸ ਇੱਕੋ ਇੱਕ ਪਾਰਟੀ ਰਹਿ ਗਈ ਹੈ ਉਹ ਹੈ ਬਸਪਾ।

# KWS ਸੰਸਥਾ ਵਲੋਂ ਇੱਕ ਲੋੜਵੰਦ ਲੜਕੀ ਦੇ ਵਿਆਹ ਕਾਰਜ ਦਾ ਸਾਰਾ ਖਰਚਾ ਕੀਤਾ ਗਿਆ

## ਪਰਿਵਾਰ ਵਲੋਂ KWS ਦੇ ਪ੍ਰਧਾਨ ਡਾ ਸੋਨੂੰ ਨਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ

**ਬੰਗਾ (ਚਰਨਜੀਤ ਸੱਲਾ)** ਪਿੰਡ ਕੁਲਥਮ ਦੀ KWS ਸੰਸਥਾ ਜੋ ਕਿ ਸਮਾਜਿਕ ਤੌਰ ਤੇ ਸਮਾਜ ਦੇ ਲੋੜਵੰਦਾਂ ਦੀ ਮਦਦ ਆਪਣੇ ਪੱਧਰ ਤੇ ਕਰ ਰਹੀ ਹੈ । ਅੱਜ ਸੰਸਥਾ ਵਲੋਂ ਪਿੰਡ ਖੁਰਮਪੁਰ ਦੀ ਇੱਕ ਬਹੁਤ ਜ਼ਿਆਦਾ ਲੋੜਵੰਦ ਧੀ ਧਿਆਣੀ ਦੇ ਵਿਆਹ ਕਾਰਜ ਤੇ ਸਮੁੱਚੀ ਖਾਂਸ਼ ਟੀਮ ਵਲੋਂ ਪਹੁੰਚ ਕੇ ਵਿਆਹ ਕਾਰਜ ਦਾ ਸਾਰਾ ਖਰਚਾ ਚੁੱਕਿਆ ਗਿਆ

ਜਿਸ ਤੇ ਪਰਿਵਾਰ ਨੇ ਜਿੱਥੇ ਖਾਂਸ਼ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ ਉੱਥੇ ਪਰਿਵਾਰ ਵਲੋਂ ਸੰਸਥਾ ਦੇ ਪ੍ਰਧਾਨ ਡਾ. ਸੋਨੂੰ ਨਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ ਇਸ ਮੌਕੇ ਸੰਸਥਾ ਦੇ (ਪ੍ਰਧਾਨ) ਡਾ.ਸੋਨੂੰ ਨਰ, ਰਾਕੇਸ਼ ਕੁਮਾਰ ਕੁਲਥਮ (ਸੰਸਥਾਪਕ) , ਦੀਪਕ ਅਟਵਾਲ ਖਜਾਨਚੀ, ਸਤਨਾਮ ਅਟਵਾਲ ਉਪ ਪ੍ਰਧਾਨ, ਰੋਹਿਤ ਚੁੰਬਰ ਸਕੱਤਰ,ਲਵਪ੍ਰੀ ਸਕੱਤਰ, ਕੋਮਲ ਕੁਮਾਰ ਖਜਾਨਚੀ,ਗੌਰਵ ਚੁੰਬਰ ਪਰੋਜੈਕਟ ਕੋਆਰਡੀਨੇਟਰ, ਮੁਕੇਸ਼ ਕੁਮਾਰ ਸਕੱਤਰ , ਹੈਰੀ ਸਲਾਹਕਾਰ, ਕੁਲਦੀਪ ਕੁਮਾਰ ਜਨਰਲ ਸਕੱਤਰ, ਕੁਲਵੰਤ ਕੁਮਾਰ ਜਨਰਲ ਸਕੱਤਰ,ਹਰਜੋਤ ਸਲਾਹਕਾਰ, ਗਗਨ ਕੁਲਥਮ ਸਲਾਹਕਾਰ, ਸੋਨੂੰ ਚੁੰਬਰ ਮੀਡੀਆ ਅਧਿਕਾਰੀ, ਹੈਪੂ ਕੁਲਥਮ, ਸੁਰਿੰਦਰ ਪਾਲ, ਡਾ ਮਨਜੀਤ ਕੁਮਾਰ, ਡਾ ਮੋਨੂੰ , ਡਾ ਨਛੱਤਰ ਸਿੰਘ, ਡਾ ਮੰਗੇਸ਼ ਕੁਮਾਰ, ਲੇਖ ਰਾਜ ਕੁਲਥਮ ਹਾਜਰ ਸਨ।

# ਬਸਪਾ ਦੇ ਮੁੱਖ ਰਾਸ਼ਟਰੀ ਕੋਆਰਡੀਨੇਟਰ ਆਕਾਸ਼ ਆਨੰਦ 27 ਜੁਲਾਈ ਨੂੰ ਪੰਜਾਬ ਆਉਣਗੇ

## ਆਕਾਸ਼ ਆਨੰਦ ਸੂਬਾ ਦਫਤਰ ਵਿੱਚ ਬਸਪਾ ਲੀਡਰਸ਼ਿਪ ਨਾਲ ਰੂਬਰੂ ਹੋਣਗੇ : ਰਣਧੀਰ ਸਿੰਘ ਬੈਣੀਵਾਲ

## ਸੂਬਾ ਪੱਧਰੀ ਮੀਟਿੰਗ ਵਿੱਚ ਵਿਪੁਲ ਕੁਮਾਰ ਤੇ ਡਾ. ਕਰੀਮਪੁਰੀ ਨੇ ਬਸਪਾ ਸੰਗਠਨ ਦੀ ਮਜ਼ਬੂਤੀ ਬਾਰੇ ਕੀਤੀ ਚਰਚਾ

**ਜਲੰਧਰ।** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਅੱਜ ਐਤਵਾਰ ਨੂੰ ਸੂਬਾ ਪੱਧਰੀ ਮੀਟਿੰਗ ਹੋਈ, ਜਿਸ ਵਿੱਚ ਪਾਰਟੀ ਦੇ ਰਾਸ਼ਟਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਵਿਸ਼ੇਸ਼ ਤੌਰ ’ਤੇ ਪਹੁੰਚੇ। ਇਸ ਮੌਕੇ ਬਸਪਾ ਦੇ ਸੂਬਾ ਇੰਚਾਰਜ ਵਿਪੁਲ ਕੁਮਾਰ, ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ, ਸੂਬਾ ਕੋਆਰਡੀਨੇਟਰ ਪ੍ਰਜਾਪਤੀ ਅਜੀਤ ਸਿੰਘ ਭੈਣੀ, ਚੌਧਰੀ ਗੁਰਨਾਮ ਸਿੰਘ, ਕੁਲਦੀਪ ਸਿੰਘ ਸਰਦੂਲਗੜ ਤੇ ਤੀਰਥ ਰਾਜਪੁਰਾ ਵੀ ਹਾਜ਼ਰ ਸਨ। ਇਸ ਦੌਰਾਨ ਬਸਪਾ ਦੇ ਰਾਸ਼ਟਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ ਨੇ ਦੱਸਿਆ ਕਿ ਪਾਰਟੀ ਦੇ ਮੁੱਖ ਰਾਸ਼ਟਰੀ ਕੋਆਰਡੀਨੇਟਰ ਆਕਾਸ਼ ਆਨੰਦ 27 ਜੁਲਾਈ ਨੂੰ ਪੰਜਾਬ ਆਉਣਗੇ। ਬਸਪਾ ਦੇ ਸੂਬਾ ਦਫਤਰ ਵਿਖੇ ਪਾਰਟੀ ਲੀਡਰਸ਼ਿਪ ਨਾਲ ਮੀਟਿੰਗ ਦੌਰਾਨ ਉਨ੍ਹਾਂ ਇਹ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਆਕਾਸ਼ ਆਨੰਦ ਪਾਰਟੀ ਦੇ ਜਲੰਧਰ ਵਿਖੇ ਸੂਬਾ ਦਫਤਰ ਵਿਖੇ ਸੁਬਾਈ ਲੀਡਰਸ਼ਿਪ, ਜ਼ੋਨ ਇੰਚਾਰਜਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੇ ਨਾਲ ਗੱਲਬਾਤ ਕਰਨਗੇ। ਰਣਧੀਰ ਸਿੰਘ ਬੈਣੀਵਾਲ ਨੇ ਕਿਹਾ ਕਿ ਆਕਾਸ਼ ਆਨੰਦ ਵੱਲੋਂ ਦੇਸ਼ ਭਰ ਵਿੱਚ ਦੌਰੇ ਕਰਕੇ ਪਾਰਟੀ ਕੇਡਰ ਨਾਲ ਮੁਲਾਕਾਤਾਂ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਹੀ ਉਹ ਪੰਜਾਬ ਵਿੱਚ ਵੀ ਪਾਰਟੀ ਲੀਡਰਸ਼ਿਪ ਤੇ ਸੰਗਠਨ ਦੇ ਅਹੁਦੇਦਾਰਾਂ ਦੇ ਨਾਲ ਮੀਟਿੰਗ ਕਰਨ ਆ ਰਹੇ ਹਨ। ਇਸ ਦੌਰਾਨ ਉਨ੍ਹਾਂ ਵੱਲੋਂ ਪੰਜਾਬ ਵਿੱਚ ਬਸਪਾ ਦੇ ਕੰਮਕਾਜ ਦੀ ਵੀ



ਸਮੀਖਿਆ ਕੀਤੀ ਜਾਵੇਗੀ। ਉਹ ਲੀਡਰਸ਼ਿਪ ਵਿੱਚ ਜੋਸ਼ ਭਰਨ ਦਾ ਕੰਮ ਕਰਨਗੇ, ਤਾਂ ਕਿ ਬਸਪਾ ਨੂੰ ਸੂਬੇ ਵਿੱਚ ਹੋਰ ਮਜ਼ਬੂਤ ਕੀਤਾ ਜਾ ਸਕੇ ਤੇ ਪਾਰਟੀ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਦੀ ਸੱਤਾ ਹਾਸਿਲ ਕਰਕੇ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕੱਢ ਸਕੇ, ਜੋ ਕਿ ਅਜੇ ਤੱਕ ਸੱਤਾਂ ਵਿੱਚ ਰਹੀਆਂ ਪਾਰਟੀਆਂ ਨਹੀਂ ਕਰ ਸਕੀਆਂ। ਇਸ ਮੌਕੇ ਸ੍ਰੀ ਬੈਣੀਵਾਲ ਨੇ ਇਹ ਵੀ ਕਿਹਾ ਕਿ ਪਿਛਲੀਆਂ ਕਾਂਗਰਸ ਦੀਆਂ ਸਰਕਾਰਾਂ ਦੀ ਤਰ੍ਹਾਂ ਹੀ ਹੁਣ ਭਾਜਪਾ ਵੱਲੋਂ ਲੋਕਾਂ ਦੇ ਹੱਕਾਂ ਨੂੰ ਦੇਸ਼ ਭਰ ਵਿੱਚ ਕੁਚਲਣ ਦਾ ਕੰਮ ਕੀਤਾ ਜਾ ਰਿਹਾ ਹੈ। ਰੋਜ਼ਾਨਾ ਹੀ ਦਲਿਤਾਂ, ਪੱਛੜੇ ਵਰਗਾਂ, ਧਾਰਮਿਕ ਘੱਟ ਗਿਣਤੀਆਂ ’ਤੇ ਹਮਲੇ ਕੀਤੇ ਜਾ ਰਹੇ ਹਨ। ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੀੜਤ ਲੋਕ ਬਸਪਾ ਰਾਹੀਂ ਸੱਤਾਂ ਹਾਸਲ ਕਰਕੇ ਹੀ ਇਨ੍ਹਾਂ ਹਮਲਿਆਂ ਨੂੰ ਰੋਕ ਸਕਦੇ ਹਨ। ਲੋਕਾਂ ਨੂੰ ਸੁਰੱਖਿਅਤ ਮਾਹੌਲ ਦੇਣ ਦਾ ਕੰਮ ਬਸਪਾ ਮੁਖੀ ਭੈਣ ਕੁਮਾਰੀ ਮਾਇਆਵਤੀ ਨੇ ਯੂਪੀ ਵਿੱਚ ਆਪਣੀ ਸਰਕਾਰ ਦੌਰਾਨ ਕਰਕੇ ਵੀ ਦਿਖਾਇਆ ਹੈ। ਮੀਟਿੰਗ ਦੌਰਾਨ ਬਸਪਾ ਸੂਬਾ ਇੰਚਾਰਜ ਵਿਪੁਲ ਕੁਮਾਰ ਨੇ ਬਸਪਾ ਸੰਗਠਨ ਦੀ ਮਜ਼ਬੂਤੀ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਬਸਪਾ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਵਿੱਚ ਆਪ ਸਰਕਾਰ ਦੇ ਰਾਜ ਵਿੱਚ ਦਲਿਤਾਂ, ਗਰੀਬਾਂ, ਕਿਰਤੀ ਕਿਸਾਨਾਂ ਨਾਲ ਧੱਕੇਸ਼ਾਹੀਆਂ ਕੀਤੀਆਂ ਜਾ ਰਹੀਆਂ, ਜਿਸ ਦਾ ਬਸਪਾ ਡਟ ਕੇ ਵਿਰੋਧ ਕਰਦੀ ਹੈ। ਮੀਟਿੰਗ ਵਿੱਚ ਬਸਪਾ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਹਰਭਜਨ ਸਿੰਘ ਬਜਹੇੜੀ, ਲਾਲ ਚੰਦ ਔਜਲਾ, ਲਾਲ ਸਿੰਘ ਸੁਲਹਾਣੀ, ਪ੍ਰਵੀਨ ਬੰਗਾ, ਚਮਕੌਰ ਸਿੰਘ ਵੀਰ, ਇੰਜ. ਜਸਵੰਤ ਰਾਏ, ਪਰਮਜੀਤ ਮੱਲ, ਜਗਦੀਸ਼ ਸ਼ੇਰਪੁਰੀ, ਸਲਵਿੰਦਰ ਕੁਮਾਰ ਆਦਿ ਆਗੂ ਵੀ ਮੌਜੂਦ ਸਨ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.


MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC) ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.) (A.P) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION ... (1 ਮਹੀਨੇ ਦੀ ਕੀਮਤ)

- ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
- ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
- ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
- ਨੁਸਖਾ ਨੰਬਰ 4 (IN CAPSULES) ... (FLABBY & OUT OF SHAPE BELLY) ... FLAT ... TONED ... £69
- ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
- ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) £49
- ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
- ਨੁਸਖਾ ਨੰਬਰ 8 (IN CAPSULES) ... £59
- ਨੁਸਖਾ ਨੰਬਰ 9 (IN CAPSULES) ... £59
- ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
- ਨੁਸਖਾ ਨੰਬਰ 11 (IN TABLETS) ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

- ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
- ਨੁਸਖਾ ਨੰਬਰ 13 (IN VIALS) ... £89
- ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਬੱਚਿਆਂ ਦੀ ਬੀਮਾਰੀਆਂ, ਜਿਵੇਂ:

(Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy)

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

- PILAES (IN OINTMENT) ... £19
- NURALACO (IN OINTMENT OR LOTION) ... £19
- CHILLAGA (IN OINTMENT OR LOTION) ... £19
- ARNSTRA (IN OINTMENT) ... (SPRAINS) ... (BED SORES) ... £19
- BELINFLA (IN OIL OR OINTMENT) ... £19
- BELULCE (IN OIL) ... ULCERS ... £19
- BRYJOIN (IN OIL) ... £19
- CALWOUN (IN OIL OR OINTMENT) ... £19
- BURCAN (IN LOTION OR OINTMENT) ... £19
- ROUTUM (IN OINTMENT) ... £19
- JOINRHU (IN OIL) ... £19
- ABSSIL (IN LOTION) ... £19
- ITCSUL (IN OIL) ... £19
- WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**

M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,

236, BLAGREAVES LANE, LITTLEOVER, DERBY. DE23 1PS, U.K.

Tel/FAX: 00 44 (0)+1332-72 72 42 Mobile: 00 44 (0)+7973-85 10 12

www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਮੇਰੀਆਂ ਅਸਥੀਆਂ ਨੂੰ ਗੰਗਾ ਵਿੱਚ ਜਲ ਪ੍ਰਵਾਹ ਨਾ ਕੀਤਾ ਜਾਵੇ

ਬਹੁਜਨਾਂ ਦੇ ਮਸੀਹਾ, ਬਹੁਜਨ ਮਹਾਂ ਨਾਇਕ, ਕ੍ਰਾਂਤੀਕਾਰੀ, ਮਹਾਨ ਤਿਆਗੀ, ਮਹਾਨ ਤਪੱਸਵੀ, ਬਹੁਜਨਾਂ ਦੇ ਮਾਰਗ ਦਰਸ਼ਕ ਅਤੇ ਸਾਇੰਸਦਾਨ ਤੋਂ ਬਣੇ ਸਮਾਜਿਕ ਸਾਇੰਸਦਾਨ ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਤਿਆਗ ਅਤੇ ਸਘੰਰਸ਼ ਭਰੀ ਜ਼ਿੰਦਗੀ ਦੀ ਦਾਸਤਾਨ ਨੂੰ ਤੁਹਾਡੇ ਨਾਲ ਸਾਂਝੀ ਕਰਦੇ ਹਾਂ।

ਸਾਹਿਬ ਕਾਂਸ਼ੀ ਰਾਮ ਜੀ ਨੇ ਆਪਣੇ ਜਿਉਂਦੇ ਜੀਅ ਹੀ ਜਨਤਕ ਤੌਰ ਤੇ ਇਹ ਇੱਛਾ ਜ਼ਾਹਿਰ ਕਰ ਦਿੱਤੀ ਸੀ ਕਿ ਮੇਰੀਆਂ ਅਸਥੀਆਂ ਨੂੰ ਜਲ ਪ੍ਰਵਾਹ ਨਾ ਕੀਤਾ ਜਾਵੇ, ਸਗੋਂ ਦਿੱਲੀ ਤੇ ਲਖਨਊ ਸਥਿਤ ਦਫ਼ਤਰਾਂ ਵਿੱਚ ਬਣੇ ਬਹੁਜਨ ਪ੍ਰੇਰਨਾ ਕੇਂਦਰਾਂ ਵਿੱਚ ਰੱਖਿਆ ਜਾਵੇ। ਸਾਹਿਬ ਦੀ ਵਿਰ- ਾਸਤ ਦੀ ਮਾਲਿਕ ਕੁਮਾਰੀ ਮਾਇਆਵਤੀ ਨੇ ਹੂ- ਬੂ-ਹੂ ਉਨ੍ਹਾਂ ਦੀ ਇਸ ਅੰਤਿਮ ਇੱਛਾ ਨੂੰ ਪੂਰਾ ਕੀਤਾ। ਯਾਦ ਰਹੇ 15 ਸਤੰਬਰ 2003 ਨੂੰ ਹੈਦਰਾਬਾਦ ਵਿੱਚ ਉਨ੍ਹਾਂ ਨੂੰ ਬ੍ਰੇਨ ਸਟਰੋਕ ਹੋਣ ਦੀ ਵਜ੍ਹਾ ਕਾਰਨ ਉਸ ਤੋਂ ਅਗਲੇ ਦਿਨ ਸਾਹਿਬ ਨੂੰ ਦਿੱਲੀ ਦੇ ਬਤਰਾ ਹਸਪਤਾਲ ਵਿੱਚ ਲਿਆਂਦਾ ਗਿਆ ਸੀ, ਜਿੱਥੇ ਮਾਹਿਰ ਡਾਕਟਰਾਂ ਨੇ ਉਨ੍ਹਾਂ ਦੀ ਬਾਈਪਾਸ ਸਰਜਰੀ ਕੀਤੀ । ਸਾਹਿਬ ਦੀ ਮੌਤ ਨੂੰ ਲੈਕੇ ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ ਤੇ ਕਿ ਕੁਮਾਰੀ ਮਾਇਆਵਤੀ ਨੇ ਜ਼ਬਰੀ ਕੈਦ ਕਰਕੇ ਰੱਖਿਆ ਹੋਇਆ ਹੈ, ਦੇ ਸੰਸੰਬੰਧ ਵਿੱਚ 8 ਅਪ੍ਰੈਲ 2005 ਨੂੰ ਮਾਨਯੋਗ ਸੁਪਰੀਮ ਕੋਰਟ ਨੇ ਡਾਕਟਰਾਂ ਦੀ ਇੱਕ ਵਿਸ਼ੇਸ਼ ਟੀਮ ਨੂੰ ਸਾਹਿਬ ਦੀ ਜਿਸਮਾਨੀ ਤੇ ਦਿਮਾਗੀ ਹਾਲਤ ਦਾ ਜਾਇਜ਼ਾ ਲੈਣ ਦੀ ਹਦਾਇਤ ਕੀਤੀ ਸੀ। ਬਾਅਦ ਵਿੱਚ ਉੱਕਤ ਟੀਮ ਨੇ ਸੁਪਰੀਮ ਕੋਰਟ ਵਿੱਚ ਪੇਸ਼ ਕੀਤੀ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ ਬਾਬੂ ਕਾਂਸ਼ੀ ਰਾਮ ਜੀ ਆਪਣੀ ਮਰਜ਼ੀ ਮੁਤਾਬਿਕ ਕੁਮਾਰੀ ਮਾਇਆਵਤੀ ਦੇ ਕੋਲ ਰਹਿ ਰਹੇ ਹਨ। ਉੱਧਰ ਡਾਕਟਰਾਂ ਦੇ ਲੱਖ ਯਤਨਾਂ ਦੇ ਬਾਵਜੂਦ ਉਨ੍ਹਾਂ ਦੀ ਸਿਹਤ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਸੁਧਾਰ ਨਹੀਂ ਸੀ ਹੋ ਰਿਹਾ। ਲਕਵੇ ਦਾ ਅਟੈਕ ਹੋਣ ਕਰਕੇ, ਸਾਹਿਬ ਦੇ ਖੱਬੇ ਪਾਸੇ ਦੇ ਸਾਰੇ ਅੰਗਾਂ ਨੇ ਇੱਕ-ਇੱਕ ਕਰਕੇ ਕੰਮ ਕਰਨਾ ਬੰਦ ਕਰ ਦਿੱਤਾ ਸੀ । ਸਾਹਿਬ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਭੈਣ ਹਰਬੰਸ ਕੌਰ ਨੇ ਦਿੱਲੀ ਦੀ ਹਾਈਕੋਰਟ ਵਿੱਚ ਪੋਸਟਮਾਰਟਮ ਕਰਵਾਉਣ ਦੀ ਅਪੀਲ ਕੀਤੀ, ਜਿਸ ਨੂੰ ਅਦਾਲਤ, ਨੇ ਸਿਰੇ ਤੋਂ ਖਾਰਜ਼ ਕਰ ਦਿੱਤਾ ਤੇ ਮਾਨਯੋਗ ਅਦਾਲਤ ਨੇ ਪਰਿਵਾਰਕ ਮੈਂਬਰਾਂ ਨੂੰ ਸਾਹਿਬ ਦੀ ਅੰਤਿਮ ਯਾਤਰਾ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ। ਫਰਵਰੀ, 2005 ਦੀ ਪਾਰਟੀ ਸਟੇਟਮੈਂਟ



Saheb Kanshi Ram
15/03/1934 - 09/10/2006
Founder : BAMCEF, DS-4, BSP

ਦੇ ਮੁਤਾਬਿਕ ਸਾਹਿਬ ਦੇ ਇਲਾਜ ਤੇ 50 ਲੱਖ ਰੁਪਿਆ ਖਰਚ ਹੋ ਚੁੱਕਿਆ ਸੀ।

9 ਅਕਤੂਬਰ, 2006 ਨੂੰ ਜਦੋਂ ਸਾਹਿਬ ਨੇ (8 ਅਕਤੂਬਰ ਦੀ ਰਾਤ ਨੂੰ ) 12.20 ਮਿੰਟ ਤੇ ਆਪਣਾ ਆਖ਼ਰੀ ਸਵਾਸ ਲਿਆ ਤਾਂ ਕੁਮਾਰੀ ਮਾਇਆਵਤੀ ਹਿਮਾਯੂੰ ਰੋਡ ਸਥਿਤ ਆਪਣੇ ਨਿਵਾਸ ਤੇ, ਸਾਹਿਬ ਦੇ ਕੋਲ ਹੀ ਸੀ। ਅੰਤਿਮ ਸੰਸਕਾਰ ਤੋਂ ਪਹਿਲਾਂ ਸਾਹਿਬ ਦੇ ਮ੍ਰਿਤਕ ਸਰੀਰ ਨੂੰ ਗੁਰਦੁਆਰਾ ਰਕਾਬਗੰਜ ਰੋਡ ਤੇ ਸਥਿਤ ਬਸਪਾ ਦੇ ਕੇਂਦਰੀ ਦਫ਼ਤਰ ਵਿੱਚ ਲੋਕਾਂ ਦੇ ਅੰਤਿਮ ਦਰਸ਼ਨਾਂ ਲਈ ਰੱਖਿਆ ਗਿਆ। ਸਾਹਿਬ ਦੇ ਆਖ਼ਰੀ ਦਰਸ਼ਨ ਕਰਨ ਵਾਲਿਆਂ ਵਿੱਚ ਤੱਤਕਾਲੀ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ, ਮੁਲਾਇਮ ਸਿੰਘ ਯਾਦਵ (ਤੱਤਕਾਲੀ ਮੁੱਖ ਮੰਤਰੀ ਉੱਤਰ ਪ੍ਰਦੇਸ਼), ਐਲ. ਕੇ. ਅਡਵਾਨੀ ( ਸਾਬਕਾ ਉਪ ਪ੍ਰਧਾਨ ਮੰਤਰੀ) ਵੀ.ਪੀ. ਸਿੰਘ (ਸਾਬਕਾ ਪ੍ਰਧਾਨ ਮੰਤਰੀ), ਰਾਮ ਵਿਲਾਸ ਪਾਸਵਾਨ (ਕੇਂਦਰੀ ਰਸਾਇਣ ਤੇ ਖਾਦ ਮੰਤਰੀ) ਤੋਂ ਇਲਾਵਾ ਹੋਰ ਵੀ ਕਈ ਕੌਮੀ ਪੱਧਰ ਦੇ ਨੇਤਾਵਾਂ ਨੇ ਸਾਹਿਬ ਨੂੰ ਸਰਧਾਂਜ਼ਲੀਆਂ ਭੇਟ ਕੀਤੀਆਂ। ਅਖ਼ੀਰ ਬੁੱਧ ਧਰਮ ਦੀਆਂ ਰਸਮਾਂ ਮੁਤਾਬਿਕ ਸਾਹਿਬ ਦਾ ਨਿਗਮ ਬੋਧ ਘਾਟ ਤੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਸਾਹਿਬ ਦੀ ਮ੍ਰਿਤਕ ਦੇਹ ਨੂੰ ਅਗਨੀ, ਉਨ੍ਹਾਂ ਦੀ ਵਿਰਾਸਤ ਦੀ ਜਾਨਸ਼ੀਨ ਕੁਮਾਰੀ ਮਾਇਆਵਤੀ ਨੇ ਵਿਖਾਈ।

ਖੁਵਾਸਪੁਰਾ ਵਿੱਚ ਰਹਿੰਦੇ ਸਾਹਿਬ ਦੇ ( ਗੁਰੂ ) ਮਾਸਟਰ ਰਹੇ ਮੇਹਰ ਸਿੰਘ ਦੱਸਦੇ ਹਨ ਕਿ ਮੈਂ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ ਕਿ ਕਾਂਸ਼ੀ ਰਾਮ ਨਾਂ ਦਾ ਉਸ ਦਾ ਸਟੂਡੈਂਟ ਰਿਹਾ ਇੱਕ ਦਿਨ ਭਾਰਤੀ ਸਿਆਸਤ ਦੀ ਵਿਆਕਰਣ ਹੀ ਬਦਲ ਕੇ ਰੱਖ ਦੇਵੇਗਾ। ਉਸ ਮਾਨਯੋਗ ਸ਼ਖ਼ਸ ਨੇ ਅਸੰਭਵ ਨੂੰ ਸੰਭਵ ਕਰ ਵਿਖਾਇਆ। ਉੱਧਰ ਵਕਤ ਦਾ ਤਕਾਜ਼ਾ ਵੇਖੋ ਕਿ ਸਾਹਿਬ ਦੀ ਮਾਤਾ ਬਿਸ਼ਨ ਕੌਰ ਦੀ ਆਪਣੀ ਆਖ਼ਰੀ ਇੱਛਾ ਸੀ ਕਿ ਜਦੋਂ ਉਹ ਮਰੇ ਤਾਂ ਉਸ ਦੀਆਂ ਅਸਥੀਆਂ ਨੂੰ ਉਸਦਾ ਵੱਡਾ ਪੁੱਤਰ ਕਾਂਸ਼ੀ ਰਾਮ ਆਪਣੇ ਹੱਥੀਂ ਜਲ ਪ੍ਰਵਾਹ ਕਰੇ। ਪਰ 21 ਦਸੰਬਰ, 2005 ਨੂੰ ਮਾਤਾ ਬਿਸ਼ਨ ਕੌਰ ਆਪਣੇ ਪੁੱਤਰ ਨੂੰ ਮੁੜ ਤੰਦਰੁਸਤ ਹੋਇਆ ਵੇਖਣ ਦੀ ਚਾਹਤ ਦਿਲ ਵਿੱਚ ਲੈਕੇ ਪ੍ਰਲੋਕ ਸੁਧਾਰ ਗਈ। ਮਾਤਾ ਬਿਸ਼ਨ ਕੌਰ ਦੀਆਂ ਅਸਥੀਆਂ, ਸਾਹਿਬ ਕਾਂਸ਼ੀ ਰਾਮ ਦੀ ਮੌਤ ਤੱਕ ਸੰਭਾਲ ਕੇ ਰੱਖੀਆਂ ਗਈਆਂ ਸਨ। ਅਫ਼ਸੋਸ ਕਿ ਮਾਤਾ ਬਿਸ਼ਨ ਕੌਰ ਦੀ ਅੰਤਿਮ ਇੱਛਾ ਪੂਰੀ ਨਾ ਹੋ ਸਕੀ ਤੇ ਉੱਧਰ ਸਾਹਿਬ ਦੀ ਇਹ ਗੱਲ ਕਹੀ ਸੌ ਫੀਸਦੀ ਸੱਚ ਸਾਬਿਤ ਹੋਈ ਕਿ ਕੀ ਪਤਾ ਮੈਂ ਆਪਣੀ ਮਾਤਾ ਦੀ ਚਿਤਾ ਉੱਤੇ ਲੱਕੜੀ ਵੀ ਨਾ ਪਾ ਸਕਾਂ।

ਤੁਹਾਡੀ ਕੋਸ਼ਿਸ਼ ਪਾਰਟੀ ਵਿੱਚ ਸੁਧਾਰ ਕਰਨ ਦੀ ਹੋਣੀ ਚਾਹੀਦੀ ਹੈ ਨਾ ਕਿ ਪਾਰਟੀ ਬਦਲਣ ਦੀ- ਸਾਹਿਬ ਸ੍ਰੀ ਕਾਂਸ਼ੀ ਰਾਮ ਜੀ।

**ਪੇਸ਼ ਕਰਦੇ ਹਨ।**
**ਇੰਜੀਨੀਅਰ ਤੇਜਪਾਲ ਸਿੰਘ**
**94177-94756**

**ਯੁੱਗ ਪੁਰਸ ਬਹੁਜਨ ਮਹਾਂ-ਨਾਇਕ**
**ਮੈਂ ਕਾਂਸ਼ੀ ਰਾਮ ਬੋਲਦਾ ਹਾਂ**
**ਭਾਗ -2**
**ਪੰਮੀ ਲਾਲੋ ਮਜਾਰਾ-**
**95011-43755**
**ਸਾਡੇ ਮਹਾਂ ਪੁਰਸ਼ਾਂ ਦੀ ਵਿਚਾਰਧਾਰਾ ਵਾਰੇ ਹਰ ਰੋਜ ਇੱਕ ਲੇਖ ਲਿਖਦੇ ਹਾਂ ਇਸ ਨੂੰ ਘਰ ਘਰ ਤੱਕ ਪਹੁੰਚਾਉਣਾ ਤੁਹਾਡੀ ਵੀ ਜਿੰਮੇਵਾਰੀ ਬਣਦੀ ਹੈ।**

## ਮੌਸਮ ਭਾਖਿਆਕਾਰ ਪਿੱਲ ਪ੍ਰੀਮੀਅਰ ਦਾ ਦੇਹਾਂਤ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ)-** ਕੈਨੇਡਾ ਦੇ ਮੀਡੀਆ ਖੇਤਰ ਚ ਉਘੀ ਸ਼ਖਸ਼ੀਅਤ ਵੱਜੋ ਜਾਣੇ ਜਾਂਦੇ ਰਹੇ ਪਿਲ ਪ੍ਰੀਮੀਅਰ ਦਾ ਦੇਹਾਂਤ ਹੋ ਗਿਆ ਹੈ। ਉਹ 84 ਸਾਲਾਂ ਦੇ ਸਨ ਜ਼ਿਕਰਯੋਗ ਹੈ ਕਿ 1940 'ਚ ਪੈਦਾ ਹੋਏ ਪਿਲ ਪ੍ਰੀਮੀਅਰ ਕੈਨੇਡਾ ਦੇ ਇੱਕ ਪ੍ਰਮੁੱਖ ਮੀਡੀਆ ਅਦਾਰੇ ਨਾਲ ਜੁੜ ਕੇ ਮੌਸਮ ਦੀ ਭਵਿੱਖਬਾਣੀ ਸਬੰਧੀ ਸੂਚਨਾਵਾਂ ਸਾਂਝੀਆਂ ਕਰਨ ਦੀ ਪੇਸ਼ਕਾਰੀ ਦੀ ਜਿੰਮੇਵਾਰੀ ਨਿਭਾਉਂਦੇ ਸਨ ਆਪਣੇ ਕੈਰੀਅਰ ਦੌਰਾਨ ਉਹਨਾਂ ਵੱਲੋਂ ਆਪਣੀ ਦਿਲਕਸ਼ ਅਵਾਜ਼ ਅਤੇ ਦਿਲਚਸਪ ਅੰਦਾਜ ਨਾਲ ਕੀਤੀ ਜਾਂਦੀ ਪੇਸ਼ਕਾਰੀ ਕਾਰਨ ਉਹ ਥੋੜੇ ਸਮੇਂ ਜੀ ਦਰਸ਼ਕਾਂ 'ਚ ਕਾਫੀ ਹਰਮਨ ਪਿਆਰੇ ਬਣ ਗਏ ਉਹਨਾਂ ਦੇ ਦਿਹਾਂਤ ਮਗਰੋਂ ਉਹਨਾਂ ਦੇ ਪ੍ਰਸੰਸਕਾਂ ਚ ਸੋਕ ਦੀ ਲਹਿਰ ਦੌੜ ਗਈ ਹੈ।



**ਪਿਲ ਪ੍ਰੀਮੀਅਰ ਦੀ ਇੱਕ ਪੁਰਾਣੀ ਤਸਵੀਰ**

## ਵੈਨਕੂਵਰ ਦੇ ਬੀਚਾਂ ਤੇ ਤੈਰਨ ਦੀ ਪਾਬੰਦੀ

ਵੈਨਕੂਵਰ (ਮਲਕੀਤ ਸਿੰਘ) ਵੈਨਕੂਵਰ ਕੋਸਟਲ ਹੈਲਥ ਵੱਲੋਂ ਵੈਨਕੂਵਰ ਦੇ ਕੁਝ ਚੋਣਵੇਂ ਸਮੁੰਦਰੀ ਬੀਚਾਂ ਤੇ ਤੈਰਨ ਸਬੰਧੀ ਅਣਮਿਥੇ ਸਮੇਂ ਲਈ ਪਾਬੰਦੀ ਲਗਾਏ ਜਾਣ ਦਾ ਫੈਸਲਾ ਕੀਤਾ ਗਿਆ ਹੈ। ਪਾਬੰਦੀ ਦਾ ਇਹ ਫੈਸਲਾ ਸਮੁੰਦਰੀ ਪਾਣੀ ਚ ਈ ਕੌਲੀ ਬੈਕਟੀਰੀਆ ਦੀ ਮਾਤਰਾ ਸੁਰੱਖਿਅਤ ਹੱਦ ਤੋਂ ਵਧੇਰੇ ਹੋਣ ਕਾਰਨ ਲਗਾਈ ਗਈ ਹੈ। ਪਾਬੰਦੀ ਸ਼ੁਦਾ ਬੀਚਾਂ ਚ ਇੰਗਲਿਸ਼ ਬੇ ਬੀਚ, ਕਿਤ ਸਿਲਾਨੋ ਬੀਚ,ਸੈਕਿੰਡ ਬੀਚ, ਸਨਸੈਟ ਬੀਚ, ਥਰਡ ਬੀਚ(ਸਟੈਨਲੀ ਪਾਰਕ) ਡੰਡਰੇਵ ਬੀਚ(ਵੈਸਟ ਵੈਨਕੂਵਰ ),ਲਾਇਨ ਬੇ ਬੀਚ ਅਤੇ ਟਰਾਡ ਲੇਕ ਬੀਚ ਸ਼ਾਮਿਲ ਹਨ।

ਜ਼ਿਕਰਯੋਗ ਹੈ ਕਿ ਇਹਨਾਂ ਬੀਚਾਂ ਤੇ 19 ,22 ਅਤੇ 26 ਜੁਲਾਈ ਨੂੰ ਹੋਂਡਾ ਸੈਲੀਬਰੇਸ਼ਨ ਆਫ ਲਾਈਟਜ ਦੌਰਾਨ ਆਤਿਸ਼ਬਾਜ਼ੀ ਦੇ ਨਜਾਰਿਆਂ ਨੂੰ ਮਾਨਣ ਲਈ ਵੱਡੀ ਗਿਣਤੀ ਚ ਲੋਕਾਂ ਦੇ ਪੁੱਜਣ ਦੀ ਸੰਭਾਵਨਾ ਹੈ।

# ‘ਕੈਨੇਡਾ ਟੂਰ 2025 ‘ਰੰਗਾਰੰਗ ਪ੍ਰੋਗਰਾਮ 9 ਅਗਸਤ ਨੂੰ ਤਿਆਰੀਆਂ ਮੁਕੰਮਲ

**ਵੈਨਕੂਵਰ ,ਜੁਲਾਈ (ਮਲਕੀਤ ਸਿੰਘ )**–ਗੋਲਫ ਲੀਫ ਕੈਰੀਅਰ ,ਜੰਕਸ਼ਨ ਹੋਮਜ ਲਿਮਿਟਡ ਅਤੇ ਸਿਹਾਰ ਹੋਮਜ਼ ਦੇ ਸਾਂਝੇ ਉਦਮ ਸਦਕਾ 9 ਅਗਸਤ ਨੂੰ ਸਰੀ ਦੇ ਬੈਲ ਸੈਂਟਰ ਚ ‘ਕੈਨੇਡਾ ਟੂਰ 2025’ ਰੰਗਾਂਰੰਗ ਪ੍ਰੋਗਰਾਮ ਕਰਵਾਏ ਜਾਣ ਸਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨਙ ਲੱਖੀ ਲਾਸੋਈ ਅਤੇ ਪਰਦੀਪ ਪੰਧੇਰ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਪ੍ਰਤੀ ਪੰਜਾਬੀ ਭਾਈਚਾਰੇ ਚ ਕਾਫੀ ਉਤਸ਼ਾਹ ਵੇਖਿਆ ਜਾ ਰਿਹਾ ਹੈ। ਉਹਨਾਂ ਇਹ ਵੀ ਦੱਸਿਆ ਕਿ 9 ਅਗਸਤ ਨੂੰ ਸ਼ਾਮੀ 6.30 ਵਜੇ ਸ਼ੁਰੂ ਹੋਣ ਵਾਲੇ ਇਸ ਪ੍ਰੋਗਾਮ ਚ ਉੱਘੇ ਪੰਜਾਬੀ ਗਾਇਕ ਪਵਿੱਤਰ ਲਾਸੋਈ ਅਤੇ ਸੱਜਣ ਅਦੀਬ ਵੱਲੋਂ ਵੀ ਆਪਣੇ ਚੋਣਵੇਂ ਗੀਤਾਂ ਦੀ ਪੇਸ਼ਕਾਰੀ ਕਰਕੇ ਹਾਜ਼ਰ ਸਰੋਤਿਆਂ ਦਾ ਮਨੋਰੰਜਨ ਕੀਤਾ ਜਾਵੇਗਾ।



ਪ੍ਰੋਗਰਾਮ ਦਾ ਇੱਕ ਪੋਸਟਰ

# ਅਸਲੀ ਬਦਲਾਅ

"ਐਂਕਲ ਜੀ ਆਹ ਵੇਖੋ ਮਿੱਟੀ ਦਾ ਚੁੱਲ੍ਹਾ ਤੇ ਆਹ ਮਿੱਟੀ ਦੀ ਹਾਰੀ। ਨਾਲ ਹੀ ਅਸੀਂ ਦੇਸੀ ਸਬਜ਼ੀਆਂ ਵੀ ਉਗਾਈਆਂ ਹਨ।" ਸ਼ਹਿਰ ਦੇ ਪ੍ਰਸਿੱਧ ਸੀਏ ਅਤੇ ਮੇਰੇ ਅਜ਼ੀਜ ਸ੍ਰੀ ਛਅ ਘੋਵਿਨਦ ਸ਼ਿਨਗਲਓ ਨੇ ਸਾਨੂੰ ਆਪਣਾ ਸ਼ਾਨਦਾਰ ਦਫਤਰ ਅਤੇ ਕੋਠੀ ਦਿਖਾਉਣ ਤੋਂ ਬਾਅਦ ਮੈਨੂੰ ਆਪਣੇ ਘਰ ਦੇ ਨਾਲ ਲੱਗਦੇ ਪਲਾਟ ਵਿੱਚ ਕੀਤੀ ਨਵੀ ਡਿਵੈਲਪਮੈਂਟ ਦਿਖਾਉਂਦੇ ਹੋਏ ਨੇ ਬੜੇ ਉਤਸ਼ਾਹ ਨਾਲ ਦੱਸਿਆ। ਮੇਰੇ ਨਾਲਦੀ ਤਾਂ ਉਥੇ ਲੱਗੇ ਮੂੰਗਰੇ ਵੇਖਕੇ ਖੁਸ਼ ਹੋ ਗਈ। ਹੋਰ ਸਬਜ਼ੀਆਂ ਵੀ ਲਗਾਈਆਂ ਹੋਈਆਂ ਸਨ।



ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ। ਹੁਣ ਲੋਕ ਸਮਝਦਾਰ ਹੋ ਗਏ ਹਨ ਤੇ ਮੌਜੂਦਾ ਵਿਕਾਸ ਨੂੰ ਛੱਡਕੇ ਪੁਰਾਣੀਆਂ ਰੁਹ ਰੀਤਾਂ ਅਤੇ ਤੌਰ ਤਰੀਕਿਆਂ ਨੂੰ ਅਪਨਾ ਰਹੇ ਹਨ।

ਹੁਣ ਮੈਂ ਘਰੇ ਗੈਸ ਚੁੱਲ੍ਹੇ ਤੇ ਭੁੰਨੀ ਛੱਲੀ ਖਾਣ ਦੀ ਬਜਾਏ ਰੇਹੜੀ ਵਾਲੀ ਤੋਂ ਅੰਗਾਰਿਆਂ ਤੇ ਭੁੰਨੀ ਛੱਲੀ ਖਾਣ ਨੂੰ ਤਰਜੀਹ ਦਿੰਦਾ ਹਾਂ।

ਇਸੇ ਤਰਾਂ ਘਰ ਲਈ ਦੇਸੀ ਬਿਸਕੁਟ ਬਿਜਲਈ ਭੱਠੀਆਂ ਤੋਂ ਬਣਾਉਣ ਦੀ ਬਜਾਇ ਲੱਕੜਾਂ ਨਾਲ ਤਪਣ ਵਾਲੀ ਭੱਠੀ ਤੋਂ ਬਣਾਉਣ ਨੂੰ ਪਹਿਲ ਦਿੰਦਾ ਹਾਂ। ਡੱਬਵਾਲੀ ਵਿਚ ਸਰਕਾਰੀ ਸਕੂਲ ਦੇ ਬਾਹਰ ਬਣੀ ਬੇਕਰੀ ਸ਼ਾਇਦ ਇਸੇ ਲਈ ਕਾਮਜਾਬ ਹੈ ਕਿਉਂਕਿ ਉਹਨਾਂ ਦੀ ਭੱਠ ਅਜੇ ਵੀ ਲੱਕੜਾਂ ਨਾਲ ਤਪਦੀ ਹੈ। ਕਹਿੰਦੇ ਤੰਦੂਰੀ ਪੀਜ਼ਾ ਬਿਜਲੀ ਵਾਲੇ ਓਵਨ ਦੇ ਬਣੇ ਪੀਜ਼ੇ ਨਾਲੋਂ ਮਹਿੰਗਾ ਮਿਲਦਾ ਹੈ। ਨੋਇਡਾ ਦੇ ਇੱਕ ਪੰਜ ਤਾਰਾ ਹੋਟਲ ਵਿੱਚ ਅਸੀਂ ਇਸ ਤਰ੍ਹਾਂ ਦੇ ਪੀਜ਼ੇ ਬਣਾਉਣ ਲਈ ਮਿੱਟੀ ਦੇ ਬਣੇ ਵੱਡੇ ਵੱਡੇ ਤੰਦੂਰ ਦੇਖੇ।

ਕੱਲ੍ਹ ਹੀ ਸੁਣਿਆ ਸੀ ਕਿ ਕਿਸੇ ਵਿਕਸਤ ਦੇਸ਼ ਨੇ ਆਪਣੇ ਦੇਸ਼ ਵਿੱਚ ਕੂਕਰ ਬੈਨ ਕਰ ਦਿੱਤਾ। ਉਥੇ ਓਹੀ ਪੁਰਾਣਾ ਹਾਂਡੀ ਕਲਚਰ ਸ਼ੁਰੂ ਹੋ ਗਿਆ। ਹਾਂਡੀ ਤੋਂ ਯਾਦ ਆਇਆ ਅੰਮ੍ਰਿਤਸਰ ਅਤੇ ਕਈ ਹੋਰ ਸ਼ਹਿਰਾਂ ਵਿਚਲੇ ਚੰਗੇ ਹੋਟਲ ਹਾਰੇ ਦੀ ਅੱਗ ਤੇ ਬਣਦੀ ਦਾਲ ਦੀਆਂ ਵੀਡੀਓ ਪਾਕੇ ਆਪਣੀ ਮਸ਼ਹੂਰੀ ਕਰਦੇ ਹਨ। ਹਾਂਡੀ ਚ ਬਣੀਆਂ ਕਈ ਸਬਜ਼ੀਆਂ ਲੋਕ ਚਾਅ ਕੇ ਖਾਂਦੇ ਹਨ। ਸਿਆਣੇ ਲੋਕਾਂ ਨੇ ਸਿਲਵਰ ਅਤੇ ਸਟੀਲ ਦੇ ਭਾਂਡਿਆਂ ਨੂੰ ਅਲਵਿਦਾ ਆਖਕੇ ਹੁਣ ਮਿੱਟੀ ਜਾਂ ਪਿੱਤਲ ਦੇ ਭਾਂਡੇ ਵਰਤਣੇ ਸ਼ੁਰੂ ਕਰ ਦਿੱਤੇ।

ਮੇਰੇ ਬਹੁਤ ਸਾਰੇ ਜਾਣਕਾਰ ਹੁਣ ਘਰੇ ਚੱਟਣੀ ਵੀ ਮੇਰੇ ਵਾਂਗੂ ਕੂੰਡੇ ਘੋਟੇ ਨਾਲ ਕੁੱਟਦੇ ਹਨ। ਮਿਕਸ਼ੀ ਤਾਂ ਬਰੀਕ ਮਸਾਲੇ ਪੀਸਣ ਲਈ ਰੱਖੀ ਹੈ। ਹੁਣ ਬਹੁਤੇ ਮਹਿਮਾਨ ਫਰਿਜ਼ ਦੇ ਪਾਣੀ ਦੀ ਬਜਾਇ ਨਾਰਮਲ ਪਾਣੀ ਦੀ ਮੰਗ ਕਰਦੇ ਹਨ। ਇਹ ਹੀ ਅਸਲੀ ਬਦਲਾਅ ਹੈ। ਦੁਨੀਆਂ ਹੁਣ ਵਾਪਸ ਪਰਤਨੀ ਸ਼ੁਰੂ ਹੋ ਗਈ ਹੈ। ਬ੍ਰਾਂਡਡ ਕੰਪਨੀਆਂ ਦੇ ਕੋਲਡ ਡਰਿੰਕਸ ਨੂੰ ਲਾਹੌਰੀ ਜਲਜੀਰਾ ਟੱਕਰ ਇਸ ਲਈ ਦੇ ਰਿਹਾ ਹੈ ਕਿ ਲੋਕ ਇਸ ਪੂੰਜੀਵਾਦ ਦੀ ਅਸਲੀਅਤ ਸਮਝ ਚੁੱਕੇ ਹਨ। ਇਹ ਬਿਮਾਰੀ ਦੀ ਮੂਲ ਵਜ੍ਹਾ ਹਨ। ਹੁਣ ਉਹ ਦਿਨ ਦੂਰ ਨਹੀਂ ਜਦੋਂ ਅਗਲਾ ਆਪਣੀ ਤਿੰਨ ਮੰਜਲੀ ਕੋਠੀ ਦਾ ਮਿੱਟੀ ਨਾਲ ਬਣਿਆ ਚੌਂਕਾ ਚੁੱਲ੍ਹਾ ਅਤੇ ਬੱਚਿਆਂ ਦੇ ਖੇਡਣ ਲਈ ਰੇਤੇ ਮਿੱਟੀ ਵਾਲਾ ਖਾਸ ਹਿੱਸਾ ਬੜੀ ਸ਼ਾਨ ਨਾਲ ਦਿਖਾਇਆ ਕਰੇਗਾ। ਹੁਣ ਗੋਵਿੰਦ ਸਿੰਗਲਾ ਦੇ ਘਰ ਹੀ ਨਹੀਂ ਸਗੋਂ ਘਰ ਘਰ ਮਿੱਟੀ ਦਾ ਚੁੱਲ੍ਹਾ ਹੋਵੇਗਾ।



**ਰਮੇਸ਼ ਸੇਠੀ ਬਾਦਲ**
**9876627233**

# ਗੀਤ ਇੱਕ-ਦੋ ਡਿਮਾਂਡ ਨਾਲ ਚਰਚਾ ‘ਚ ਗਾਇਕਾ ਦੀਪ ਕੌਰ

ਸੰਗੀਤ ਦੀ ਧਰਤੀ ਪੰਜਾਬ ਨੇ ਕਈ ਮਸ਼ਹੂਰ ਗਾਇਕ ਤੇ ਗਾਇਕਾਵਾਂ ਨੂੰ ਜਨਮ ਦਿੱਤਾ ਹੈ, ਜਿਸ ਕਾਰਨ ਅੱਜ ਦੇ ਸਮੇਂ ਵਿੱਚ ਪੰਜਾਬੀ ਗੀਤ ਸੰਗੀਤ ਦਾ ਦੁਨੀਆਂ ਵਿੱਚ ਬੋਲਬਾਲਾ ਹੈ। ਇੰਨ੍ਹਾਂ ਗਾਇਕ-ਗਾਇਕਾਵਾਂ ਦੀ ਲਿਸ਼ਟ ਵਿੱਚ ਇੱਕ ਨਵਾਂ ਨਾਮ ਗਾਇਕਾ ਅਤੇ ਗੀਤਕਾਰ ਦੀਪ ਕੌਰ ਵਜੋਂ ਸ਼ਾਮਲ ਹੋ ਗਿਆ ਹੈ, ਜਿਸ ਨੇ ਆਪਣੀ ਗਾਇਕੀ ਅਤੇ ਅੰਦਾਜ਼ ਨਾਲ ਹਰ ਇੱਕ ਨੂੰ ਆਪਣਾ ਦੀਵਾਨਾ ਬਣਾਇਆ ਹੈ। ਗਾਇਕਾ ਦੀਪ ਕੌਰ ਦਾ ਜਨਮ ਪੰਜਾਬ ਮਾਲਵੇ ਦੇ ਸ਼ਹਿਰ ਬਰਨ-ਾਲਾ ਵਿਖੇ ਮਾਤਾ ਬੇਅੰਤ ਕੌਰ ਦੀ ਕੁੱਖੋਂ ਅਤੇ ਪਿਤਾ ਅਜੈਬ ਸਿੰਘ ਦੇ ਗ੍ਰਹਿ ਵਿਖੇ ਹੋਇਆ। ਦੀਪ ਕੌਰ ਨੇ ਆਪਣੀ 10ਵੀ ਤੱਕ ਦੀ ਪੜ੍ਹਾਈ ਗੌਰਮਿੰਟ ਗਰਲਜ਼ ਹਾਈ ਸਕੂਲ ਬਰਨਾਲਾ ਤੋਂ ਪੂਰੀ ਕੀਤੀ ਅਤੇ ਅਗਲੀ ਪੜ੍ਹਾਈ ਲਈ ਉਨ੍ਹਾਂ ਐਸ ਡੀ ਕਾਲਜ ਬਰਨਾਲਾ ਵਿਖੇ ਦਾਖਲਾ ਲਿਆ, ਦੀਪ ਕੌਰ ਬੀ.ਏ. ਵਿੱਚ ਹੋਈ ਸੀ ਕਿ ਉਸ ਦਾ ਕੈਨੇਡਾ ਜਾਣ ਦਾ ਸਬੱਬ ਬਣ ਗਿਆ। ਦੀਪ ਕੌਰ ਨੂੰ ਬਚਪਨ ਤੋਂ ਗੀਤ ਗਾਉਣ ਅਤੇ ਲਿਖਣ ਦਾ ਸ਼ੌਂਕ ਸੀ, ਜਿਸ ਕਾਰਨ ਉਹ ਸਕੂਲ ਅਤੇ ਕਾਲਜ ਸਮੇਂ ਹੁੰਦੇ ਸਮਾਗਮਾਂ ਵਿੱਚ ਹਿੱਸਾ ਲੈਂਦੀ ਰਹੀ। ਦੀਪ ਕੌਰ ਗਾਇਕਾ ਬਣਨਾ ਚਾਹੁੰਦੀ ਸੀ, ਪਰ ਛੋਟੀ ਉਮਰੇ ਕੈਨੇਡਾ ਜਾਣ ਕਰਕੇ ਉਸ ਦਾ ਇਹ ਸ਼ੌਂਕ ਪੂਰਾ ਨਾ ਹੋ ਸਕਿਆ, ਜਿਸ ਨੂੰ ਪੂਰਾ ਕਰਨ ਦੀ ਤਾਂਘ ਉਸਦੇ ਦਿਲ ਵਿੱਚ ਹਮੇਸ਼ਾਂ ਹੀ ਰਹਿੰਦੀ। ਸੀ। ਦੀਪ ਕੌਰ ਨੇ ਕੈਨੇਡਾ ਵਿੱਚ ਹੀ ਗਾਇਕਾ ਬਣਨ ਦਾ ਸੁਪਨਾ ਪੂਰਾ ਕਰਨ ਲਈ ਉਸਤਾਦ ਦਵਿੰਦਰ ਭੱਟੀ ਤੋਂ ਕਲਾਸੀਕਲ ਗਾਇਕੀ ਦੇ ਗੁਰ ਲੈਣ ਲਈ ਗੁਰੂ ਧਾਰ ਲਿਆ ਅਤੇ ਉਨ੍ਹਾਂ ਤੋਂ 3 ਸਾਲ ਤੱਕ ਕਲਾਸੀਕਲ ਗਾਇਕੀ ਦੇ ਗੁਰ ਸਿੱਖੇ, ਜਿਸ ਤੋਂ ਬਾਅਦ ਫੋਕ ਗਾਇਕੀ ਦੇ ਗੁਰ ਸਿੱਖਣ ਲਈ ਹਰਨਾਮ ਯੋਗੀ ਨੂੰ ਉਸਤਾਦ ਬਣਾਇਆ ਅਤੇ ਉਨ੍ਹਾਂ ਤੋਂ ਤਕਰੀਬਨ ਦੋ ਸਾਲ ਤੱਕ ਬਾਰੀਕੀ ਨਾਲ ਸਿੱਖਿਆ ਗ੍ਰਹਿਣ ਕੀਤੀ। ਗਾਇਕਾ ਦੀਪ ਕੌਰ ਦੇ ਹੁਣ ਤੱਕ 10 ਗੀਤ ਮਾਰਕੀਟ ਵਿੱਚ ਆ ਚੁੱਕੇ ਹਨ, ਜਿੰਨ੍ਹਾਂ ਵਿੱਚ ਗੀਤ "ਚਸਕੇ ਤੇਰੇ, ਠੰਡ ਰੱਖ-2, ਥਾਰ ਤੇ, ਭਾਬੀ, ਤੂੰ ਜਾਣੇ (ਧਾਰਮਿਕ), ਨਿਊ ਬੋਲੀਆਂ, ਭੈਣਾਂ ਨਾਲ ਕਾਹਦਾ ਰੁੱਸਣਾ, ਇੱਕ ਦੋ



ਡਿਮਾਂਡ ਅਤੇ ਦੋ ਡਿਊਟ ਗੀਤ ਨਾਗ ਵਰਗੀ, ਮਿੱਠਾ ਚੂਰਮਾ" ਇਹ ਗੀਤ ਉਸਤਾਦ ਗਾਇਕ ਗੁਰਬਖ਼ਸ ਸੌਂਕੀ ਨਾਲ ਆਏ ਸਨ। ਇਸ ਤੋਂ ਇਲਾਵਾ ਗਾਇਕਾ ਦੀਪ ਕੌਰ ਦੇ ਆਉਣ ਵਾਲੇ ਸਮੇਂ ਵਿੱਚ ਕਈ ਗੀਤ ਆਪਣੇ ਚਾਹੁਣ ਵਾਲਿਆਂ ਲਈ ਤਿਆਰ ਹਨ, ਜੋ ਜਲਦੀ ਹੀ ਰਿਲੀਜ ਕੀਤੇ ਜਾਣਗੇ। ਗਾਇਕਾ ਦੀਪ ਕੌਰ ਦਾ ਕਹਿਣਾ ਹੈ ਕਿ ਉਹ ਹਮੇਸ਼ਾਂ ਸੱਭਿਆਚਾਰਕ, ਰਿਸ਼ਤੇ-ਨਾਤੇ ਵਰਗੇ ਗੀਤਾਂ ਨੂੰ ਤਰਜ਼ੀਹ ਦੇਵੇਗੀ ਅਤੇ ਲੱਚਰਤਾ ਭਰਪੂਰ ਗੀਤਾਂ ਤੋਂ ਹਮੇਸ਼ਾਂ ਦੂਰ ਰਹਿਣਗੇ।

**ਗੁਰਭਿੰਦਰ ਗੁਰੀ**
**Watsapp.+447951590424**



# ਹਾਈ ਕੋਰਟ ਦੇ ਫੈਸਲੇ ਦਾ ਸਵਾਗਤ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਨਿਆਂ ਵਿੱਚ ਨਾਕਾਮੀ ਦੀ ਸਖ਼ਤ ਨਿੰਦਾ - ਇੰਡਿਅਨ ਵਰਕਰਜ਼ ਅਸੋਸੀਏਸ਼ਨ (ਜੀ.ਬੀ.)

**ਸਮਾਜ ਵੀਕਲੀ ਯੂ ਕੇ- ਲੰਡਨ, ਯੂ.ਕੇ** – 21 ਜੁਲਾਈ 2025: ਇੰਡਿਅਨ ਵਰਕਰਜ਼ ਅਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਪੰਜਾਬ ਪੁਲਿਸ ਵੱਲੋਂ 13 ਮਾਰਚ 2025 ਦੀ ਰਾਤ ਪਟਿਆਲਾ ਵਿੱਚ ਕਰਨਲ ਪੁਸ਼ਪਿੰਦਰ ਸਿੰਘ ਬਾਠ ਅਤੇ ਉਨ੍ਹਾਂ ਦੇ ਪੁੱਤਰ 'ਤੇ ਕੀਤੇ ਗਏ ਹਿਮਾਕਤ ਭਰੇ ਹਮਲੇ ਦੀ ਸਖ਼ਤ ਨਿੰਦਾ ਕਰਦੀ ਹੈ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਕੀਤੀ ਨਿਆਂਪੂਰਨ ਕਾਰਵਾਈ ਦਾ ਤਹਿ ਦਿਲੋਂ ਸਵਾਗਤ ਕਰਦੀ ਹੈ।

ਚੰਡੀਗੜ੍ਹ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (SIT) ਵੱਲੋਂ ਜਾਂਚ ਵਿੱਚ ਹੋ ਰਹੀ ਦੇਰੀ 'ਤੇ ਕੋਰਟ ਵੱਲੋਂ ਸਿੱਧਾ ਹਸਤਕਸ਼ੇਪ ਕਰਨਾ ਅਤੇ ਜਾਂਚ ਅਧਿਕਾਰੀ ਨੂੰ ਬੁਲਾਉਣਾ ਇਹ ਸਾਬਤ ਕਰਦਾ ਹੈ ਕਿ ਅਦਾਲਤ ਨੇ ਉਹ ਫਰਜ਼ ਨਿਭਾਇਆ ਜੋ ਸਿਆਸੀ ਲੀਡਰਸ਼ਿਪ ਭੁਲ ਗਈ ਸੀ ਜਾਂ ਜਾਣ ਬੁੱਝ ਕੇ ਟਾਲ ਰਹੀ ਸੀ।

"ਜੇਕਰ ਇੱਕ ਫੌਜੀ ਕਰਨਲ ਅਤੇ ਉਸ ਦਾ ਪੁੱਤਰ ਸੜਕ ਤੇ ਪੁਲਿਸ ਵੱਲੋਂ ਪਿੱਟਿਆ ਜਾ ਸਕਦਾ ਹੈ ਅਤੇ ਮਹੀਨੇ ਲੰਘਣ 'ਤੇ ਵੀ ਕੋਈ ਕਾਰਵਾਈ ਨਹੀਂ ਹੁੰਦੀ, ਤਾਂ ਆਮ ਆਦਮੀ ਤੋਂ ਕੀ ਉਮੀਦ ਰੱਖੀ ਜਾ ਸਕਦੀ ਹੈ?"

ਇਹ ਗੱਲ ਸੀਤਲ ਸਿੰਘ ਗਿੱਲ, ਜਨਰਲ ਸੈਕਰਟਰੀ, ਇੰਡਿਅਨ ਵਰਕਰਜ਼ ਅਸੋਸੀਏਸ਼ਨ (ਜੀ.ਬੀ.) ਨੇ ਕਹੀ।

"ਅਸੀਂ ਹਾਈ ਕੋਰਟ ਦਾ ਧੰਨਵਾਦ ਕਰਦੇ ਹਾਂ ਜਿਸ ਨੇ ਨਿਆਂ ਲਈ ਹਿੰਮਤ ਵਾਲਾ ਕਦਮ ਚੁੱਕਿਆ। ਪੰਜਾਬ ਸਰਕਾਰ, ਕੇਂਦਰੀ ਗ੍ਰਹਿ ਮੰਤਰਾਲਾ ਅਤੇ ਜਿਹੜੇ ਵੀ ਸੰਸਥਾਨ ਚੁੱਪ ਰਹੇ – ਉਹ ਸਾਰੇ ਨਿਆਂ ਦੇ ਵਿਘਨਕਾਰ ਹਨ। ਭਾਰਤ ਦੇ ਲੋਕ ਐਸਾ ਭੈਬੀਤ ਸਿਸਟਮ ਨਹੀਂ ਸਹੇਣਗੇ।"

ਸਾਡੀਆਂ ਮੰਗਾਂ ਹਨ:

ਜਾਂਚ ਨੂੰ ਤੁਰੰਤ CBI ਜਾਂ ਹੋਰ ਨਿਰਪੱਖ ਏਜੰਸੀ ਨੂੰ ਸੌਂਪਿਆ ਜਾਵੇ।

ਜਿਨ੍ਹਾਂ ਪੁਲਿਸ ਅਧਿਕਾਰੀਆਂ ਨੇ ਹਮਲਾ ਕੀਤਾ, ਉਹਨਾਂ ਨੂੰ ਫੌਰੀ ਤੌਰ 'ਤੇ ਸਸਪੈਂਡ ਅਤੇ ਗ੍ਰਿਫ਼ਤਾਰ ਕੀਤਾ ਜਾਵੇ।

ਪੰਜਾਬ ਦੇ ਮੁੱਖ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਜਵਾਬਦੇਹੀ ਅਤੇ ਮਾਫ਼ੀ ਦਾ ਬਿਆਨ ਜਾਰੀ ਕੀਤਾ ਜਾਵੇ।

ਪੁਲਿਸ ਸੁਧਾਰ ਅਤੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਉੱਤੇ ਕੌਮੀ ਪੱਧਰ 'ਤੇ ਚਰਚਾ ਹੋਣੀ ਚਾਹੀਦੀ ਹੈ।

ਇਹ ਘਟਨਾ ਕੋਈ ਵੱਖਰੀ ਘਟਨਾ ਨਹੀਂ — ਇਹ ਬੇਨਕਾਬ ਕਰਦੀ ਹੈ ਕਿ ਪੁਲਿਸ ਅਤੇ ਰਾਜਨੀਤਿਕ ਤਾਕਤਾਂ ਦੀ ਮਿਲੀਭਗਤ ਕਿੰਨੀ ਖ਼ਤਰਨਾਕ ਦਿਸ਼ਾ ਵੱਲ ਵਧ ਰਹੀ ਹੈ। ਨਿਆਂ ਦੇ ਨਾਮ 'ਤੇ ਹੋਣ ਵਾਲੀ ਮੌਨਤਾ ਇੱਕ ਕ੍ਰਾਈਮ ਹੈ।



Sital Singh Gill

# ਅੱਜ ਜਨਮ ਦਿਨ 'ਤੇ ਵਿਸ਼ੇਸ਼: ਸੁਰੀਲੀ ਆਵਾਜ਼ ਦਾ ਸਦਾਬਹਾਰ ਗਾਇਕ : ਮੁਕੇਸ਼





ਹਿੰਦੀ ਸਿਨੇਮਾ ਦੀ ਦੁਨੀਆਂ ਵਿੱਚ ਕੁਝ ਅਵਾਜ਼ਾਂ ਅਜਿਹੀਆਂ ਵੀ ਰਹੀਆਂ ਹਨ, ਜੋ ਸਿਰਫ਼ ਕੰਨਾਂ ਤਕ ਹੀ ਨਹੀਂ, ਸਗੋਂ ਦਿਲਾਂ ਦੀ ਗਹਿਰਾਈ ਤਕ ਪਹੁੰਚਦੀਆਂ ਹਨ। ਇਹ ਅਵਾਜ਼ਾਂ ਸਿਰਫ਼ ਗੀਤਾਂ ਦੀ ਰੂਹ ਨਹੀਂ ਬਣੀਆਂ, ਬਲਕਿ ਦਰਸ਼ਕਾਂ ਦੇ ਹਿਰਦੇ 'ਚ ਅਮਿੱਟ ਛਾਪ ਛੱਡ ਗਈਆਂ। ਅਜਿਹੀ ਹੀ ਇਕ ਅਵਾਜ਼ ਸੀ ਮੁਕੇਸ਼ ਦੀ, ਜੋ ਨਰਮ, ਮਿੱਠੀ ਤੇ ਭਾਵਨਾਵਾਂ ਨਾਲ ਭਰੀ ਹੋਈ ਸੀ। ਜਿਸ ਦੀ ਆਵਾਜ਼ ਵਿੱਚ ਦਰਦ ਅਤੇ ਪ੍ਰੇਮ ਦੀ ਇੱਕ ਅਜਿਹੀ ਸਚਾਈ ਸੀ ਜੋ ਸੁਣਨ ਵਾਲੇ ਦੇ ਦਿਲ ਨੂੰ ਜਕੜ ਲੈਂਦੀ ਸੀ।

22 ਜੁਲਾਈ 1923 ਨੂੰ ਦਿੱਲੀ ਦੇ ਇੱਕ ਸਧਾਰਣ ਪਰਿਵਾਰ ਵਿੱਚ ਇਸ ਮਹਾਨ ਫ਼ਨਕਾਰ ਦਾ ਜਨਮ ਹੋਇਆ। ਜਿੰਨ੍ਹਾਂ ਦਾ ਪੂਰਾ ਨਾਮ ਮੁਕੇਸ਼ ਚੰਦ ਮਾਥੁਰ ਸੀ। ਪਰਿਵਾਰ ਵਿੱਚ ਕਿਸੇ ਨੇ ਵੀ ਕਦੇ ਨਹੀਂ ਸੋਚਿਆ ਸੀ ਕਿ ਇਹ ਨੌਜਵਾਨ ਇੱਕ ਦਿਨ ਸੰਗੀਤਕ ਦੁਨੀਆ ਦੇ ਅਸਮਾਨ 'ਚ ਚਮਕਦਾ ਤਾਰਾ ਬਣੂਗਾ। ਛੋਟੀ ਉਮਰ ਤੋਂ ਹੀ ਮੁਕੇਸ਼ ਨੂੰ ਗੀਤ ਗਾਉਣ ਦਾ ਬਹੁਤ ਸ਼ੌਂਕ ਸੀ। ਉਹ ਅਕਸਰ ਕੇ.ਐਲ. ਸਹਿਗਲ ਦੇ ਗੀਤਾਂ ਨੂੰ ਆਪਣੇ ਦੋਸਤਾਂ ਅਤੇ ਸਕੂਲ ਦੇ ਪ੍ਰੋਗਰਾਮਾ ਵਿੱਚ ਸੁਣਾਉਂਦੇ ਰਹਿੰਦੇ ਸਨ। ਨੌਜਵਾਨੀ ਵਿੱਚ ਉਨ੍ਹਾਂ ਨੇ ਇੱਕ ਵਿਆਹ ਸਮਾਰੋਹ ਵਿੱਚ ਗੀਤ ਗਾਇਆ, ਜਿੱਥੇ ਹਿੰਦੀ ਫਿਲਮਾਂ ਨਾਲ ਜੁੜੇ ਲੋਕ ਮੌਜੂਦ ਸਨ। ਉਨ੍ਹਾਂ ਦੀ ਆਵਾਜ਼ ਨੇ ਸਭਨਾਂ ਦੇ ਦਿਲਾਂ ਨੂੰ ਮੋਹ ਲਿਆ ਅਤੇ ਇਸ ਮੋੜ ਨੇ ਉਨ੍ਹਾਂ ਦੀ ਜ਼ਿੰਦਗੀ ਦੀ ਜਿਵੇਂ ਦਿਸ਼ਾ ਹੀ ਬਦਲ ਦਿੱਤੀ ਹੋਵੇ। ਮਸ਼ਹੂਰ ਅਦਾਕਾਰ ਮੋਤੀਲਾਲ (ਜੋ ਉਨ੍ਹਾਂ ਦੇ ਰਿਸ਼ਤੇਦਾਰ ਵੀ ਸਨ) ਨੇ ਉਨ੍ਹਾਂ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਬਾਲੀਵੁੱਡ ਲੈ ਜਾਣ ਦਾ ਫੈਸਲਾ ਲਿਆ।

ਮੁਕੇਸ਼ ਨੇ ਮੁੰਬਈ ਪਹੁੰਚ ਕੇ ਸੰਗੀਤ ਸਿੱਖਣ ਤੋਂ ਬਾਅਦ ਆਪਣਾ ਪਹਿਲਾ ਗੀਤ 1941 ਦੀ ਫ਼ਿਲਮ 'ਨਿਰਦੋਸ਼' ਲਈ "ਦਿਲ ਹੀ ਬੂਝਾ ਰਹਾ ਹੋ ਤੋ" ਰਿਕਾਰਡ ਕਰਵਾਇਆ। ਪਰ ਉਨ੍ਹਾਂ ਨੂੰ ਅਸਲ ਪਛਾਣ 1945 ਦੀ ਫਿਲਮ 'ਪਹਿਲੀ ਨਜ਼ਰ' ਦੇ ਗੀਤ "ਦਿਲ ਜਲਤਾ ਹੈ ਤੋ ਜਲਨੇ ਦੋ" ਨਾਲ ਮਿਲੀ। ਇਹ ਗੀਤ ਉਨ੍ਹਾਂ ਦੀ ਆਵਾਜ਼ ਦੀ ਅਜਿਹੀ ਪਛਾਣ ਬਣ ਗਿਆ ਕਿ ਲੋਕਾਂ ਨੇ ਸੋਚਿਆ ਇਹ ਕੇ. ਐਲ. ਸਹਿਗਲ ਨੇ ਗਾਇਆ ਹੈ, ਪਰ ਜਦੋਂ ਪਤਾ ਲੱਗਿਆ ਕਿ ਇਹ ਇਕ ਨਵੇਂ ਗਾਇਕ ਮੁਕੇਸ਼ ਦੀ ਆਵਾਜ਼ ਹੈ, ਤਾਂ ਲੋਕ ਹੈਰਾਨ ਹੀ ਰਹਿ ਗਏ। ਇਸ ਤੋਂ ਬਾਅਦ ਮੁਕੇਸ਼ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਰਾਜ ਕਪੂਰ ਦੇ ਰੂਪ ਵਿੱਚ ਉਨ੍ਹਾਂ ਨੂੰ ਇੱਕ ਅਜਿਹਾ ਚਿਹਰਾ ਮਿਲ ਗਿਆ ਜਿਸ ਲਈ ਉਨ੍ਹਾਂ ਦੀ ਆਵਾਜ਼ ਬਿਲਕੁਲ ਫਿਟ ਬੈਠਦੀ ਸੀ। ਰਾਜ ਕਪੂਰ ਤੇ ਮੁਕੇਸ਼ ਦੀ ਜੋੜੀ ਨੇ ਬੇਹਦ ਮਸ਼ਹੂਰ ਗੀਤ ਦਿੱਤੇ ਜਿਵੇਂ:-

"ਸੁਹਾਨਾ ਸਫਰ ਔਰ ਯੇ ਮੌਸਮ ਹਸੀਨ"
"ਦੋਸਤ ਦੋਸਤ ਨਾ ਰਿਹਾ"
"ਜਾਨੇ ਕਹਾਂ ਗਏ ਵੋ ਦਿਨ"
"ਮੇਰਾ ਜੂਤਾ ਹੈ ਜਾਪਾਨੀ"
"ਸਜਨ ਰੇ ਝੂਠ ਮਤ ਬੋਲੋ"
"ਏ ਭਾਈ ਜ਼ਰਾ ਦੇਖ ਕੇ ਚਲੋ"
"ਕੋਈ ਜਬ ਤੁਮਾਰ੍ਹਾ ਹਿਰਦੇ ਤੋੜ ਦੇ"

ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੀਤ ਜੋ ਅੱਜ ਵੀ ਲੋਕਾਂ ਦੀ ਜ਼ੁਬਾਂ ਤੇ ਹਨ।

ਮੁਕੇਸ਼ ਦੀ ਆਵਾਜ਼ ਵਿਚ ਇੱਕ ਆਤਮਿਕ ਸੁਰ ਸਨ। ਉਹ ਨਾ ਤੇ ਢੋਲ-ਧਮਾਕਿਆਂ ਵਾਲਾ ਗਾਇਕ ਸੀ ਅਤੇ ਨਾ ਹੀ ਰੌਲੇ-ਰੱਪੇ ਵਾਲਾ। ਉਹ ਇੱਕ ਅਜਿਹਾ ਫਨਕਾਰ ਸੀ ਜੋ ਜ਼ਿੰਦਗੀ ਦੇ ਦਰਦ ਨੂੰ ਸੁਰੀਲੇ ਰੂਪ ਵਿੱਚ ਪੇਸ਼ ਕਰਦਾ ਸੀ, ਜਿਸ ਦੀ ਆਵਾਜ਼ ਵਿੱਚ ਵਿਅਕਤੀਗਤ ਦਰਦ ਅਤੇ ਸਧਾਰਨ-ਪਣ ਦੀ ਮਿੱਠੀ ਖੁਸ਼ਬੂ ਸੀ। ਇਹੀ ਕਾਰਨ ਸੀ ਕਿ ਉਹਨਾਂ ਦੇ ਗੀਤ ਹਰ ਆਦਮੀ ਦੀ ਆਵਾਜ਼ ਬਣੇ।

ਬਹੁਤੇ ਲੋਕ ਸ਼ਾਇਦ ਇਹ ਗੱਲ ਘੱਟ ਹੀ ਜਾਣਦੇ ਹੋਣਗੇ ਕਿ ਮੁਕੇਸ਼ ਨੇ ਦਸ ਤੋਂ ਵੱਧ ਫਿਲਮਾਂ ਵਿੱਚ ਅਦਾਕਾਰੀ ਵੀ ਕੀਤੀ ਸੀ। ਹਾਲਾਂਕਿ ਉਨ੍ਹਾਂ ਨੂੰ ਵਧੇਰੇ ਮਾਣ ਉਨ੍ਹਾਂ ਦੀ ਗਾਇਕੀ ਨੇ ਦਿੱਤਾ, ਪਰ ਉਨ੍ਹਾਂ ਦੀ ਸਧਾਰਨਤਾ ਅਤੇ ਦਿਲੀ ਭਾਵਨਾ ਉਨ੍ਹਾਂ ਦੇ ਅਦਾਕਾਰੀ ਪਾਤਰਾਂ ਵਿੱਚ ਵੀ ਦਿਖੀ ਸੀ।

27 ਅਗਸਤ 1976 ਨੂੰ ਅਮਰੀਕਾ ਵਿਖੇ ਇਕ ਸੰਗੀਤ ਸਮਾਗਮ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ 53 ਸਾਲਾਂ ਮੁਕੇਸ਼ ਇਸ ਫ਼ਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ। ਹਾਲਾਂਕਿ ਉਨ੍ਹਾਂ ਦੀ ਜ਼ਿੰਦਗੀ ਅਚਾਨਕ ਖਤਮ ਹੋ ਗਈ, ਪਰ ਉਨ੍ਹਾਂ ਦੀ ਆਵਾਜ਼ ਅੱਜ ਵੀ ਸਾਂਝੀ ਧਰੋਹਰ ਵਜੋਂ ਜਿਉਂਦੀ ਹੈ।

ਮੁਕੇਸ਼ ਦੀ ਆਵਾਜ਼ ਨੇ ਹਿੰਦੀ ਫਿਲਮ ਸੰਗੀਤ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੇ ਪੁੱਤਰ ਨਿਤਿਨ ਮੁਕੇਸ਼ ਨੇ ਆਪਣੇ ਪਿਓ ਤੋਂ ਸੰਗੀਤ ਦੀ ਗੁੜ੍ਹਤੀ ਲੇ ਗੀਤਾਂ ਦੇ ਸਫ਼ਰ ਨੂੰ ਜਾਰੀ ਰਖਿਆ। ਪੋਤਰਾ ਨੀਲ ਨਿਤਿਨ ਮੁਕੇਸ਼ ਵੀ ਸਿਨੇਮਾ ਦੀ ਦੁਨੀਆ 'ਚ ਆਪਣਾ ਯੋਗਦਾਨ ਦੇ ਰਿਹਾ ਹੈ।

ਤਿੰਨ ਦਹਾਕਿਆਂ 'ਚ ਤਕਰੀਬਨ 500 ਫ਼ਿਲਮਾਂ ਵਿਚ ਲਗਭਗ 1000 ਤੋਂ ਵੱਧ ਉਨ੍ਹਾਂ ਦੇ ਗਾਏ ਗੀਤ ਅੱਜ ਵੀ ਰੇਡੀਓ, ਯੂਟਿਊਬ, ਅਤੇ ਸਟੇਜ 'ਤੇ ਵੱਜਦੇ ਹਨ। ਜਦੋਂ ਵੀ ਕਿਸੇ ਮਨੁੱਖ ਦੇ ਦਿਲ ਵਿੱਚ ਦਰਦ ਜਾਂ ਪਿਆਰ ਉੱਭਰਦਾ ਹੈ ਤਾਂ ਮੁਕੇਸ਼ ਦੀ ਆਵਾਜ਼ ਗੀਤਾਂ ਰਾਹੀਂ ਉਸਦੀ ਸਾਥੀ ਬਣ ਜਾਂਦੀ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com